# ਦਫਤਰ ਨਗਰ ਨਿਗਮ ਸਾਹਿਬਜਾਦਾ ਅਜੀਤ ਸਿੰਘ ਨਗਰ

ਨਗਰ ਨਗਮ,ਐਸ.ਏ.ਐਸ.ਨਗਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 23/03/2020 ਨੂੰ ਸਵੇਰੇ 11.30 ਵਜੇ ਸ੍ਰੀ ਕੁਲਵੰਤ ਸਿੰਘ, ਮੇਅਰ, ਨਗਰ ਨਿਗਮ, ਐਸ.ਏ.ਐਸ.ਨਗਰ ਜੀ ਦੀ ਪ੍ਰਧਾਨਗੀ ਹੇਠ ਦਫਤਰ ਨਗਰ ਨਿਗਮ, ਐਸ.ਏ ਐਸ.ਨਗਰ ਵਿਖੇ ਹੋਈ ਹੈ।ਜਿਸ ਵਿੱਚ ਹੇਠ ਲਿਖੇ ਅਨੁਸਾਰ ਹਾਜਰ ਆਏ।

(1) ਡਾ.ਕਮਲ ਕੁਮਾਰ ਗਰਗ,ਪੀ.ਸੀ.ਐਸ,ਕਮਿਸ਼ਨਰ (2) ਸ੍ਰੀ ਰਿਸ਼ਵ ਜੈਨ,ਸੀਨੀਅਰ ਡਿਪਟੀ ਮੇਅਰ (3) ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ
(4) ਸ੍ਰੀ ਅਮਰੀਕ ਸਿੰਘ ਸੋਮਲ, ਮੈਂਬਰ (5) ਸ੍ਰੀ ਫੂਲਰਾਜ ਸਿੰਘ, ਮੈਂਬਰ

| Sr. No | Resolution No | Date of Meeting | Resolution Description | Orders of Competent Authority<br>ਪ੍ਰਵਾਨਗੀ ਐਫ.ਐਂਡ ਸੀ.ਸੀ |
|---|---|---|---|---|
| 1 | 1960 | 23.03.20 | **<u>R/C estimate for purchase of truck mounted sewerage suction cum jetting machine of capacity 8000ltr. mounted on truck chasis on demand for Municipal Corporation, S.A.S Nagar</u>**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ. ਐਂਡ ਐਮ.) ਕਿ ਵਿਸ਼ੇ ਅਧੀਨ ਕੰਮ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਹਾਊਸ ਦੀ ਮੀਟਿੰਗ ਦੇ ਮਤਾ ਨੰ: 509(14) ਮਿਤੀ 24/06/2019 ਰੂਪੈ 49.50 ਲੱਖ ਦੀ ਦਿੱਤੀ ਗਈ ਹੈ।ਇਸ ਤਖਮੀਨੇ ਵਿੱਚੋਂ 18.00 ਲੱਖ ਦੀ ਚੈਸੀ ਦੀ ਜੈਮ ਪੋਰਟਰ ਰਾਹੀਂ ਖਰੀਦ ਕੀਤੀ ਗਈ ਹੈ ਅਤੇ 1.50 ਲੱਖ ਦਾ ਖਰਚਾ ਗੱਡੀ ਦੀ ਇਨੰਸ਼ੋਰੈਂਸ ਅਤੇ ਰੋਡ ਟੈਕਸ ਲਈ ਪ੍ਰਵਾਨਿਤ ਹੋਇਆ ਹੈ ਇਸ ਤੋ ਇਲਾਵਾ ਬਾਕੀ ਦੀ ਰਕਮ 30.00 ਲੱਖ ਰੁਪਏ ਗੱਡੀ ਦੀ ਫੈਬਰੀਕੇਸ਼ਨ ਲਈ ਪ੍ਰਵਾਨਿਤ ਕੀਤੀ ਗਈ ਸੀ।ਇਸ ਕੰਮ ਦਾ ਮਤਾ ਡਾਇਰੈਕਟੋਰੇਟ ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਪੱਤਰ ਨੰ:ਸ5ਡਸਸ-ਮਸਸ-19/31446 ਮਿਤੀ 09-07-2019 ਰਾਹੀਂ ਪ੍ਰਵਾਨ ਕੀਤਾ ਜਾ ਚੁਕਿਆ ਹੈ।<br>ਉਪਰੋਕਤ ਕੰਮ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਇਸ ਦਫਤਰ ਦੇ ਟੈਂਡਰ ਨੋਟਿਸ ਨੰ: 2629 ਮਿਤੀ 03-12-2019, 08 ਮਿਤੀ 01-01-2020, 158 ਮਿਤੀ 22-01-2020 ਰਾਹੀਂ ਕਾਲ ਕੀਤਾ ਗਿਆ ਸੀ, ਜਿਹਨਾਂ ਵਿੱਚ ਕਿਸੇ ਵੀ ਬਿੱਡਰ ਵੱਲੋਂ ਭਾਗ ਨਹੀਂ ਲਿਆ ਗਿਆ ਸੀ।ਜਿਸ ਉਪਰੰਤ ਇਸ ਕੰਮ ਨੂੰ ਟੈਂਡਰ ਨੋਟਿਸ ਨੰ: 280 ਮਿਤੀ 05-02-2020, ਲੜੀ ਨੰ: 1 ਰਾਹੀਂ ਚੋਥੀ ਵਾਰ ਕਾਲ ਕੀਤਾ ਗਿਆ ਜਿਸ ਵਿੱਚ 1 ਏਜੰਸੀ ਵੱਲੋ ਭਾਗ ਲਿਆ ਗਿਆ ਹੈ।ਕਿਉਂਜੋ ਇਹ ਕੰਮ ਚਾਰ ਵਾਰ ਕਾਲ ਕੀਤਾ ਗਿਆ ਇਸ ਲਈ ਇਸ ਏਜੰਸੀ ਦੀ ਪ੍ਰਾਇਸ ਬਿੱਡ ਖੋਲੀ ਗਈ, ਜਿਸ ਦੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ:- | ਸਰਬ ਸੰਮਤੀ ਨਾਲ ਪ੍ਰਵਾਨ ਹੈ। |

<table>
<tr><td></td><td></td><td></td><td>

<table>
<tr><th>ਲੜੀ ਨੰ:</th><th>ਫਰਮ/ਸੋਸਾਇਟੀ/ਠੇਕੇਦਾਰ ਦਾ ਨਾਮ</th><th>ਰੇਟ</th><th>% ਘੱਟ ਰੇਟ</th></tr>
<tr><td>1</td><td>Quality Enviro Engineers Private Limited</td><td>2945000/-</td><td>-1.833%</td></tr>
</table>

ਉਕਤ ਕੰਮ ਵਿੱਚ **Quality Enviro Engineers Private Limited** ਵਲੋਂ ਭਰੇ ਗਏ ਰੇਟ **2945000/-** ਤਖਮੀਨੇ ਦੀ ਰਕਮ ਤੋ **1.833%** ਘੱਟ ਹਨ।ਏਜੰਸੀ ਨੂੰ ਨੈਗੋਸੀਏਸ਼ਨ ਲਈ ਕਾਲ ਕੀਤਾ ਗਿਆ।ਏਜੰਸੀ ਵੱਲੋਂ ਨੈਗੋਸੀਏਸ਼ਨ ਕਰਨ ਤੋਂ ਇਨਕਾਰ ਕੀਤਾ ਗਿਆ।ਉਕਤ ਕੰਮ ਵਿੱਤ ਅਤੇ ਠੇਕਾ ਕਮੇਟੀ ਤੋਂ ਪ੍ਰਵਾਨ ਹੋਣ ਦੀ ਆਸ ਵਿੱਚ ਅਲਾਟ ਕਰਨ ਦੀ ਅਗੇਤੀ ਪ੍ਰਵਾਨਗੀ ਹਿੱਤ ਕੇਸ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 25.02.2020 ਨੂੰ ਮਾਨਯੋਗ ਮੇਅਰ ਸਾਹਿਬ ਜੀ ਨੂੰ ਭੇਜਿਆ ਗਿਆ, ਜਿੰਨ੍ਹਾਂ ਵੱਲੋਂ ਇਸਦੀ ਪ੍ਰਵਾਨਗੀ ਮਿਤੀ 25.02.2020 ਨੂੰ ਦੇ ਦਿੱਤੀ ਗਈ ਹੈ, ਜੋ ਕਿ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

</td><td></td></tr>
<tr><td>2</td><td>1961</td><td>23.03.20</td><td>

**R/C estimate for fabrication of truck mounted sewerage suction cum jetting machine of capacity 8000ltr. mounted on truck chasis on demand of water supply and sanitation department, S.A.S Nagar.**

ਰਿਪੋਰਟ ਇੰਜੀਨੀਅਰਿੰਗ ਸ਼ਾਖਾ (ੳ. ਐਂਡ ਐਮ.) ਕਿ ਵਿਸ਼ੇ ਅਧੀਨ ਕੰਮ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਹਾਊਸ ਦੀ ਮੀਟਿੰਗ ਦੇ ਮਤਾ ਨੰ: 509(15) ਮਿਤੀ 24/06/2019 ਰੁਪੈ 49.50 ਲੱਖ ਦੀ ਦਿੱਤੀ ਗਈ ਹੈ।ਇਸ ਤਖਮੀਨੇ ਵਿੱਚੋ 18.00 ਲੱਖ ਦੀ ਚੈਸੀ ਦੀ ਜੈਮ ਪੋਰਟਰ ਰਾਹੀਂ ਖਰੀਦ ਕੀਤੀ ਗਈ ਹੈ ਅਤੇ 1.50 ਲੱਖ ਦਾ ਖਰਚਾ ਗੱਡੀ ਦੀ ਇਨੰਸ਼ੋਰੈਂਸ ਅਤੇ ਰੋਡ ਟੈਕਸ ਲਈ ਪ੍ਰਵਾਨਿਤ ਹੋਇਆ ਹੈ ਇਸ ਤੋ ਇਲਾਵਾ ਬਾਕੀ ਦੀ ਰਕਮ 30.00 ਲੱਖ ਰੁਪਏ ਗੱਡੀ ਦੀ ਫੈਬਰੀਕੇਸ਼ਨ ਲਈ ਪ੍ਰਵਾਨਿਤ ਕੀਤੀ ਗਈ ਸੀ।ਇਸ ਕੰਮ ਦਾ ਮਤਾ ਡਾਇਰੈਕਟੋਰੇਟ ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਪੱਤਰ ਨੰ:ਸ5ਡਸਸ-ਮਸਸ-19/31446 ਮਿਤੀ 09-07-2019, ਰਾਹੀਂ ਪ੍ਰਵਾਨ ਕੀਤਾ ਜਾ ਚੁਕਿਆ ਹੈ।

ਉਪਰੋਕਤ ਕੰਮ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਇਸ ਦਫਤਰ ਦੇ ਟੈਂਡਰ ਨੋਟਿਸ ਨੰ:2629 ਮਿਤੀ 03-12-2019, 08 ਮਿਤੀ 01-01-2020, 158 ਮਿਤੀ 22-01-2020 ਰਾਹੀ ਕਾਲ ਕੀਤਾ ਗਿਆ ਸੀ, ਜਿਹਨਾਂ ਵਿੱਚ ਕਿਸੇ ਵੀ ਬਿੱਡਰ ਵੱਲੋ ਭਾਗ ਨਹੀਂ ਲਿਆ ਗਿਆ ਸੀ।ਜਿਸ ਉਪਰੰਤ ਇਸ ਕੰਮ ਨੂੰ ਟੈਂਡਰ ਨੋਟਿਸ ਨੰ: 280 ਮਿਤੀ 05-02-2020, ਲੜੀ ਨੰ: 2 ਰਾਹੀਂ ਚੌਥੀ ਵਾਰ ਕਾਲ ਕੀਤਾ ਗਿਆ ਜਿਸ ਵਿੱਚ 1 ਏਜੰਸੀ ਵੱਲੋ ਭਾਗ ਲਿਆ ਗਿਆ ਹੈ।ਕਿਉਂਜੋ ਇਹ ਕੰਮ ਚਾਰ ਵਾਰ ਕਾਲ ਕੀਤਾ ਗਿਆ ਇਸ ਲਈ ਇਸ ਏਜੰਸੀ ਦੀ ਪ੍ਰਾਇਸ ਬਿੱਡ ਖੋਲੀ ਗਈ, ਜਿਸ ਦੀ ਰਿਪੋਰਟ ਹੇਠ ਲਿਖੇ

</td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| | | | ਅਨੁਸਾਰ ਹੈ:-<br><br>**ਲੜੀ ਨੰ:** / **ਫਰਮ/ਸੋਸਾਇਟੀ/ਠੇਕੇਦਾਰ ਦਾ ਨਾਮ** / **ਰੇਟ** / **% ਘੱਟ ਰੇਟ**<br>1 / Quality Enviro Engineers Private Limited / 2945000/- / -1.833%<br><br>ਉਕਤ ਕੰਮ ਵਿੱਚ **Quality Enviro Engineers Private Limited** ਵਲੋ ਭਰੇ ਗਏ ਰੇਟ **2945000/-** ਤਖਮੀਨੇ ਦੀ ਰਕਮ ਤੋ **1.833%** ਘੱਟ ਹਨ। ਏਜੰਸੀ ਨੂੰ ਨੈਗੋਸੀਏਸ਼ਨ ਲਈ ਕਾਲ ਕੀਤਾ ਗਿਆ।ਏਜੰਸੀ ਵੱਲੋਂ ਨੈਗੋਸੀਏਸ਼ਨ ਕਰਨ ਤੋਂ ਇਨਕਾਰ ਕੀਤਾ ਗਿਆ।ਉਕਤ ਕੰਮ ਵਿੱਤ ਅਤੇ ਠੇਕਾ ਕਮੇਟੀ ਤੋਂ ਪ੍ਰਵਾਨ ਹੋਣ ਦੀ ਆਸ ਵਿੱਚ ਅਲਾਟ ਕਰਨ ਦੀ ਅਗੇਤੀ ਪ੍ਰਵਾਨਗੀ ਹਿੱਤ ਕੇਸ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 25.02.2020 ਨੂੰ ਮਾਨਯੋਗ ਮੇਅਰ ਸਾਹਿਬ ਜੀ ਨੂੰ ਭੇਜਿਆ ਗਿਆ, ਜਿੰਨ੍ਹਾਂ ਵੱਲੋਂ ਇਸਦੀ ਪ੍ਰਵਾਨਗੀ ਮਿਤੀ 25.02.2020 ਨੂੰ ਦੇ ਦਿੱਤੀ ਗਈ ਹੈ, ਜੋ ਕਿ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | |
| 3 | 1962 | 23.03.20 | **ਹੱਡਾ ਰੋੜੀ ਦਾ ਕੰਮ ਠੇਕੇ ਤੇ ਦੇਣ ਸਬੰਧੀ ।**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਹੱਡਾ ਰੋੜੀ ਦਾ ਠੇਕਾ ਨਵੇਂ ਸਿਰੇ ਤੋਂ ਬੋਲੀ ਕਰਵਾਉਣ ਸਬੰਧੀ ਨਗਰ ਨਿਗਮ ਵੱਲੋਂ ਆਪਣੇ ਮਤਾ ਨੰ. 542 ਮਿਤੀ 10-09-2019 ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ।ਜਿਸ ਰਾਹੀਂ ਸਰਕਾਰ ਵੱਲੋਂ **ਪੱਤਰ ਨੰ. ਸ5-ਡਸਸ-ਮਸਸ-19/46128 ਮਿਤੀ 21-10-2019** ਰਾਹੀਂ ਪ੍ਰਵਾਨਗੀ ਦੇ ਦਿੱਤੀ ਗਈ ਹੈ।ਇਸ ਸਬੰਧੀ ਦਫਤਰ ਦੇ ਨੋਟਿਸ ਨੰ. 2031 ਮਿਤੀ 09-09-2019 ਦਿਲਚਸਪੀ ਦਾ ਪ੍ਰਗਟਾਵਾ ਲੈਣ ਸਬੰਧੀ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ ਗਿਆ ਸੀ।ਜਿਸ ਵਿੱਚ ਬਿਆਨਾ ਰਕਮ **50,000/- ਰੁਪਏ** ਡਿਮਾਂਡ ਡਰਾਫਟ ਰਾਹੀਂ ਮੰਗੀ ਗਈ ਸੀ।ਉਕਤ ਦਿਲਚਸਪੀ ਦਾ ਪ੍ਰਗਟਾਵਾ ਕਿਸੇ ਵੀ ਫਰਮ ਜਾਂ ਏਜੰਸੀ ਵੱਲੋਂ ਨਹੀਂ ਭਰਿਆ ਗਿਆ।ਇਸ ਸਬੰਧੀ ਅਕਾਸ਼ ਪੁੱਤਰ ਸ੍ਰੀ ਰੋਮੀ ਵਾਰਡ ਨੰ.13 ਕੁਰਾਲੀ ਐੱਸ.ਏ.ਐੱਸ.ਨਗਰ ਮੋਹਾਲੀ ਤੇ ਨਾਜਰ ਖਾਨ ਪੁੱਤਰ ਸ੍ਰੀ ਰਮਜਾਨ ਮੁਹੰਮਦ ਮਕਾਨ ਨੰ. 524 ਸੈਕਟਰ-52 ਕਜਹੇੜੀ ਚੰਡੀਗੜ੍ਹ ਦੋਨਾਂ ਵੱਲੋਂ **50,000/- ਰੁਪਏ** ਦੀ ਬਿਆਨਾ ਰਕਮ ਖਤਮ ਕਰਨ ਅਤੇ ਦੋਨਾ ਵੱਲੋਂ ਮੁਰਦਾ ਜਾਨਵਰਾਂ ਨੂੰ ਚੁੱਕਣ ਸਬੰਧੀ ਕ੍ਰਮਵਾਰ **40,000/- ਰੁਪਏ ਅਤੇ 65,000/-** ਰੁਪਏ ਪ੍ਰਤੀ ਮਹੀਨਾ ਨਗਰ ਨਿਗਮ ਤੋਂ ਪੈਸੇ ਲੈ ਕੇ ਕੰਮ ਕਰਨ ਦੀ ਮੰਗ ਕੀਤੀ ਗਈ ਹੈ।ਹੱਡਾ ਰੋੜੀ ਦਾ ਕੰਮ ਕਰਨ ਵਾਲੇ ਵਿਅਕਤੀਆਂ ਵੱਲੋਂ ਦੱਸਿਆ ਗਿਆ ਹੈ ਕਿ ਹੁਣ ਮਰੇ ਹੋਏ ਪਸ਼ੂਆਂ ਦਾ ਚਮੜਾ ਅਤੇ ਹੱਡਾਂ ਦੀ ਵਿਕਰੀ ਨਹੀਂ ਹੁੰਦੀ।<br>ਇੱਥੇ ਇਹ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਗਊਸ਼ਾਲਾ ਅਤੇ ਸ਼ਹਿਰ ਵਿੱਚ ਰੋਜ਼ਾਨਾ ਤਕਰੀਬਨ **2 ਤੋਂ 3 ਪਸ਼ੂ ਮਰ ਜਾਂਦੇ ਹਨ** ਅਤੇ ਮਰੇ ਹੋਏ ਪਸ਼ੂਆ ਨੂੰ ਚੁੱਕ ਕੇ ਲਿਜਾਣ ਵਿੱਚ ਲਗਭਗ 500/-ਰੁਪਏ ਪ੍ਰਤੀ ਪਸ਼ੂ ਖਰਚੇ ਦੀ ਮੰਗ ਕੀਤੀ ਜਾਂਦੀ ਹੈ।ਇਸ ਤਰਾਂ ਰੋਜ਼ਾਨਾ 1000/-**ਰੁਪਏ ਤੋਂ** | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | 1500/-**ਰੁਪਏ** ਦਾ ਖਰਚਾ ਆਉਣ ਦੀ ਸੰਭਾਵਨਾ ਹੈ।ਇਹਨਾਂ ਨੂੰ ਸ਼ਹਿਰ ਤੋਂ ਦੂਰ ਲਿਜਾਣਾ ਪੈਂਦਾ ਹੈ ਕਿਉਂਕਿ ਨਗਰ ਨਿਗਮ ਕੋਲ ਹੱਡਾ ਰੋੜੀ ਲਈ ਆਪਣੀ ਕੋਈ ਜਗ੍ਹਾ ਨਹੀਂ ਹੈ।ਇਸ ਲਈ ਇਹਨਾਂ ਨੂੰ **30,000/-ਰੁਪਏ ਤੋਂ 35000/-**ਰੁਪਏ ਪ੍ਰਤੀ ਮਹੀਨਾ ਦੇਣਾ ਤਜਵੀਜ ਕੀਤਾ ਜਾਂਦਾ ਹੈ।ਨਗਰ ਨਿਗਮ ਵੱਲੋਂ ਮਰੇ ਹੋਏ ਪਸ਼ੂਆਂ ਨੂੰ ਚੁੱਕਣ ਲਈ ਠੇਕੇਦਾਰ ਨੂੰ ਵਾਜਿਬ ਰੇਟ ਦੇ ਕੇ ਨਵੇਂ ਸਿਰੇ ਤੋਂ ਦਿਲਚਸਪੀ ਦੇ ਪ੍ਰਗਟਾਵੇ ਦੀ ਮੰਗ ਕੀਤੀ ਜਾ ਸਕਦੀ ਹੈ।ਕਿਉਂਕਿ ਉਕਤ ਤੋਂ ਇਲਾਵਾ ਕੋਈ ਹੋਰ ਹੱਲ ਨਹੀਂ ਹੈ।ਜੇਕਰ ਨਗਰ ਨਿਗਮ ਅਜਿਹਾ ਨਹੀਂ ਕਰਦਾ ਹੈ ਤਾਂ ਮਰੇ ਹੋਏ ਪਸ਼ੂਆਂ ਕਰਕੇ ਸ਼ਹਿਰ ਵਿੱਚ ਕਿਸੇ ਵੀ ਤਰਾਂ ਦੀ ਬਿਮਾਰੀ/ਮਹਾਮਾਰੀ ਫੈਲ ਸਕਦੀ ਹੈ।ਜਿਸ ਕਰਕੇ ਨਗਰ ਨਿਗਮ ਦਾ ਅਕਸ ਖਰਾਬ ਹੋਵੇਗਾ ਤੇ ਕੋਰਟ ਕਚਿਹਰੀ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ।<br>ਇਸ ਲਈ ਉਕਤ ਦੇ ਆਧਾਰ ਤੇ ਤਜ਼ਵੀਜ਼ ਅਨੁਸਾਰ ਸ਼ਹਿਰ ਅਤੇ ਗਊਸ਼ਾਲਾ ਵਿੱਚੋਂ ਮਰੇ ਹੋਏ ਪਸ਼ੂਆਂ ਨੂੰ ਚੁੱਕਣ ਲਈ **30,000/-ਰੁਪਏ ਤੋਂ 35,000/-ਰੁਪਏ** ਪ੍ਰਤੀ ਮਹੀਨਾ ਖਰਚਾ ਦੇ ਕੇ ਦਿਲਚਸਪੀ ਦੇ ਪ੍ਰਗਟਾਵੇ ਦੀ ਮੰਗ ਕਰਕੇ ਮਰੇ ਹੋਏ ਪਸ਼ੂਆਂ ਨੂੰ ਸਮੇਂ ਸਿਰ ਚੁਕਵਾਇਆ ਜਾ ਸਕੇ।ਇਸ ਦੇ ਨਾਲ ਹੀ ਹੱਡਾ ਰੋੜੀ ਦੇ ਬਿਆਨੇ ਦੀ ਰਕਮ ਨੂੰ **50,000/-ਰੁਪਏ ਤੋਂ ਘਟਾ ਕੇ 10,000/-ਰੁਪਏ** ਕਰਨ ਅਤੇ **35000/-ਰੁਪਏ** ਮਹੀਨੇ ਦੇ ਹਿਸਾਬ ਨਾਲ 1.00 ਲੱਖ ਰੁਪਏ ਦੀ ਰਾਸ਼ੀ ਦੀ ਪ੍ਰਵਾਨਗੀ ਮਾਨਯੋਗ **ਹਾਊਸ ਦੇ ਮਤਾ ਨੰ: 577 ਮਿਤੀ 26-12-2019 ਰਾਹੀਂ ਅਤੇ ਸਰਕਾਰ ਦੇ ਪੱਤਰ ਨੰ. ਸ5-ਡਸਸ-ਮਸਸ-2020/8090 ਮਿਤੀ 07-02-2020** ਰਾਹੀਂ ਮਿਲ ਗਈ ਹੈ।<br>ਇੱਥੇ ਇਹ ਵੀ ਦੱਸਣਾ ਉੱਚਿਤ ਹੋਵੇਗਾ ਕਿ ਨਗਰ ਨਿਗਮ ਵੱਲੋਂ ਹੱਡਾ ਰੋੜੀ ਦੇ ਕੰਮ ਨੂੰ ਇੱਕ ਸਾਲ ਲਈ ਠੇਕੇ ਤੇ ਦੇਣ ਤੇ ਲਗਭਗ 5,00,000/-ਰੁਪਏ ਖਰਚਾ ਆਵੇਗਾ।ਇਸ ਲਈ ਹੱਡਾ ਰੋੜੀ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਇਸ ਖਰਚੇ ਨੂੰ ਵਿੱਤ ਅਤੇ ਠੇਕਾ ਕਮੇਟੀ ਤੋਂ ਪ੍ਰਵਾਨ ਹੋਣ ਦੀ ਆਸ ਵਿੱਚ ਅਗੇਤੀ ਪ੍ਰਵਾਨਗੀ ਹਿੱਤ ਕੇਸ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 02.03.2020 ਨੂੰ ਮਾਨਯੋਗ ਮੇਅਰ ਸਾਹਿਬ ਜੀ ਨੂੰ ਭੇਜਿਆ ਗਿਆ, ਜਿੰਨ੍ਹਾਂ ਵੱਲੋਂ ਇਸਦੀ ਪ੍ਰਵਾਨਗੀ ਮਿਤੀ 03.03.2020 ਨੂੰ ਦੇ ਦਿੱਤੀ ਗਈ ਹੈ,ਜੋ ਕਿ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | |
| 4 | 1963 | 23.03.20 | **ਰਫ ਕਾਸਟ ਐਸਟੀਮੇਟ ਫਾਰ ਰੀਫਲ ਆਫ ਟੌਨਰ ਆਫ ਵੇਰਿਅਸ ਪ੍ਰਿਟਰ, ਇੰਨਸਟਾਲੈਂਸਨ ਆਫ ਐਂਟੀਵਾਇਰਸ ਅਤੇ ਪਰਚੇਜ ਆਫ ਕੰਪੈਟੀਬਲ ਟੌਨਰ** ।<br>ਰਿਪੋਰਟ ਕੇਅਰ-ਟੇਕਰ/ ਇੰਜੀਨੀਅਰਿੰਗ ਸ਼ਾਖਾ ਕਿ ਵਿਸ਼ੇ ਅਧੀਨ ਕੰਮ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਐਫ. ਐਂਡ.ਸੀ.ਸੀ ਦੀ ਮੀਟਿੰਗ ਦੇ ਮਤਾ ਨੰ: 1676 ਮਿਤੀ 10/10/2019 ਰਾਂਹੀ ਰੁਪੈ 6.00 ਲੱਖ ਦੀ ਦਿੱਤੀ ਗਈ ਹੈ।<br>ਉਪਰੋਕਤ ਕੰਮ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਇਸ ਦਫਤਰ ਦੇ ਟੈਂਡਰ ਨੋਟਿਸ ਨੰ: 2528 ਮਿਤੀ 27-11-2019 ਅਤੇ ਟੈਂਡਰ ਨੋਟਿਸ ਨੰ: 07 ਮਿਤੀ 01-01-2020 ਰਾਹੀ ਕਾਲ ਕੀਤਾ ਗਿਆ ਸੀ, ਜਿਹਨਾਂ ਵਿਚ 3 ਬਿੱਡਜ ਪ੍ਰਾਪਤ ਨਹੀਂ ਹੋਈਆਂ ਸਨ। ਇਸ ਲਈ ਇਸ ਕੰਮ ਨੂੰ ਟੈਂਡਰ ਨੋਟਿਸ ਨੰ: 39 ਮਿਤੀ 08-01-2020 ਲੜੀ ਨੰ: 1 ਰਾਹੀ ਰੀਕਾਲ ਕੀਤਾ ਗਿਆ, ਜਿਸ ਵਿੱਚ 2 ਫ਼ਰਮਾਂ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

M/S Fountain Stationer ਅਤੇ B.N. InfoTech ਵੱਲੋ ਭਾਗ ਲਿਆ ਗਿਆ ਹੈ।ਉਕਤ 2 ਫ਼ਰਮਾਂ ਵਿਚੋਂ B.N. InfoTech ਦੇ ਦਸਤਾਵੇਜ਼ Standard Operating Procedure ਦੀ ਸ਼ਰਤਾਂ ਮੁਤਾਬਿਕ ਪੂਰੇ ਨਹੀਂ ਸਨ। ਇਸ ਲਈ ਇਸ ਫ਼ਰਮ ਦਾ ਟੈਂਡਰ ਰੱਦ ਕਰ ਦਿੱਤਾ ਗਿਆ। ਇਸ ਤੋ ਇਲਾਵਾ M/S Fountain Stationer ਦੀ ਪ੍ਰਾਇਜ ਬਿੱਡ ਖੋਲੀ ਗਈ ਜਿਸ ਦੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ, ਨਿਗਰਾਨ ਇੰਜੀਨੀਅਰ ਜੀ ਵੱਲੋਂ ਲਗਾਏ ਪ੍ਰੇਖਣ ਅਨੁਸਾਰ ਐਸਟੀਮੇਟ ਰੇਟ, ਭਰੇ ਗਏ ਰੇਟ ਅਤੇ ਆਈਟਮ ਵਾਈਜ ਸੇਵਿੰਗ ਹੇਠ ਲਿਖੇ ਅਨੁਸਾਰ ਹੈ:-

| S.No | Description | Quantity | Rate as per estimate (in Rs including of all taxes) | Rate to be quoted by contractor (in Rs including of all taxes) | Savings (in %) |
|---|---|---|---|---|---|
| 1 | HP 18a toner with drum unit | 1 No | 2450 | 2290 | -6.53 |
| 2 | Compatible toner-36A, 12A, 337, 227, 88A, 78A, heavy toner | 1 No | 750 | 735 | -2.0 |
| 3 | Compatible toner-36A, 12A, 337, 227, 88A, 78A, normal toner | 1 No | 499 | 489 | -2.0 |
| 4 | Toner Refill | 1 No | 300 | 289 | -3.66 |
| 5 | Guardian Antivirus | 1 No | 700 | 649 | -7.28 |

<table>
<tr>
<td></td>
<td></td>
<td></td>
<td>
<table>
<tr><td></td><td>Total</td><td></td><td></td><td></td><td></td></tr>
<tr><td>6</td><td>Quick heal antivirus</td><td>1 No</td><td>1250</td><td>1090</td><td>-12.8</td></tr>
<tr><td>7</td><td>Canon 7100 toner refill</td><td>1 No</td><td>3600</td><td>1999</td><td>-44.47</td></tr>
<tr><td>8</td><td>EPSON 3110 printyer refill</td><td>1 No</td><td>2200</td><td>1999</td><td>-9.14</td></tr>
</table>
ਉਕਤ ਰੇਟ/ ਕੇਸ ਕਮਿਸ਼ਨਰ, ਨਗਰ ਨਿਗਮ ਦੀ ਪ੍ਰਵਾਨਗੀ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।
</td>
<td></td>
</tr>
<tr>
<td>5</td>
<td>1964</td>
<td>23.03.20</td>
<td>
<u>ਐਨ. ਚੋਅ ਦੀ ਸਫਾਈ ਸਬੰਧੀ।</u>
ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ. ਐਂਡ ਐਮ.) ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ, ਐਸ.ਏ.ਐਸ ਨਗਰ ਵੱਲੋਂ ਨਗਰ ਨਿਗਮ ਦੀ ਹਦੂਦ ਅੰਦਰ ਵਾਈ.ਪੀ.ਐਸ.ਬਰਿੱਜ ਸੈਕਟਰ-62 ਤੋਂ ਏਅਰ ਪੋਰਟ ਰੋਡ ਬਰਿੱਜ ਨੇੜੇ ਸੈਕਟਰ-80 ਤੱਕ ਪੈਂਦੇ ਐਨ. ਚੋਅ ਦੇ ਬਰਸਾਤੀ ਪਾਣੀ ਦੇ ਵਹਾਅ ਨੂੰ ਵਹਾਲ ਕਰਨ ਲਈ ਪਿਛਲੇ ਸਾਲ ਮੰਡਲ ਭੂਮੀ ਰੱਖਿਆ ਅਫਸਰ (ਮਸ਼ੀਨਰੀ), ਐਸ.ਏ.ਐਸ. ਨਗਰ ਤੋਂ ਸਰਕਾਰੀ ਰੇਟਾਂ ਤੇ ਮਸ਼ੀਨਰੀ ਲੈ ਕੇ ਐਨ. ਚੋਅ ਦੀ ਪਾਣੀ ਦੀ ਆਰਜੀ ਨਿਕਾਸੀ ਲਈ ਪ੍ਰਬੰਧ ਕੀਤਾ ਗਿਆ ਸੀ।ਬਰਸਾਤ ਦਾ ਮੌਸਮ ਸ਼ੁਰੂ ਹੋਣ ਵਿੱਚ ਸਿਰਫ ਕੁਝ ਸਮਾਂ ਬਾਕੀ ਰਹਿ ਗਿਆ ਹੈ।ਇਸ ਲਈ ਐਨ. ਚੋਅ ਦੀ ਸਫਾਈ ਬਰਸਾਤ ਦਾ ਮੌਸਮ ਸ਼ੁਰੂ ਹੋਣ ਤੋ ਪਹਿਲਾਂ ਕਰਵਾਈ ਜਾਣੀ ਅਤਿ ਜਰੂਰੀ ਹੈ।ਐਨ. ਚੋਅ ਦੇ ਬਰਸਾਤੀ ਪਾਣੀ ਦੇ ਵਹਾਅ ਨੂੰ ਵਹਾਲ ਕਰਨ ਲਈ ਮੰਡਲ ਭੂਮੀ ਰੱਖਿਆ ਅਫਸਰ (ਮਸ਼ੀਨਰੀ), ਐਸ.ਏ.ਐਸ. ਨਗਰ ਤੋਂ ਸਰਕਾਰ ਵੱਲੋਂ ਮੀਮੋ ਨੰ: 8513-33/Tech ਮਿਤੀ 24-05-2019 ਰਾਹੀਂ ਨਿਰਧਾਰਤ ਕੀਤੇ ਗਏ ਰੇਟਾਂ ਤੇ ਬੁਲਡੋਜਰ ਕਿਰਾਏ ਤੇ ਲੈ ਕੇ ਵਿਸ਼ੇ ਅਧੀਨ ਕੰਮ ਕਰਵਾਉਣਾ ਵਾਜਿਬ ਹੋਵੇਗਾ।ਇਸ ਸਬੰਧੀ ਇੰਜੀਨੀਅਰਿੰਗ ਵਿੰਗ ਦੀ ਓ.ਐਂਡ ਐਮ.ਸ਼ਾਖਾ ਦੇ ਅਧਿਕਾਰੀ ਵੱਲੋਂ ਮੰਡਲ ਭੂਮੀ ਰੱਖਿਆ ਅਫਸਰ (ਮਸ਼ੀਨਰੀ), ਐਸ.ਏ.ਐਸ. ਨਗਰ ਨਾਲ ਟੈਲੀਫੋਨ ਤੇ ਹੋਏ ਵਿਚਾਰ ਵਟਾਂਦਰੇ ਦੌਰਾਨ ਉਹਨਾਂ ਵੱਲੋਂ ਦੱਸਿਆ ਗਿਆ ਕਿ ਸਰਕਾਰ ਵੱਲੋਂ ਫਿਕਸ ਕੀਤੇ ਗਏ ਰੇਟਾਂ ਅਨੁਸਾਰ ਬੁਲਡੋਜਰ 1400/-ਰੁਪਏ ਪ੍ਰਤੀ ਘੰਟਾ ਤੇ ਮੁਹੱਈਆ ਕਰਵਾ ਦਿੱਤਾ ਜਾਵੇਗਾ ਅਤੇ ਮਸ਼ੀਨਰੀ ਨੂੰ ਸ਼ਿਫ਼ਟ ਕਰਨ ਦੇ ਚਾਰਜਿਜ ਇਸ ਤੋਂ ਵੱਖਰੇ ਹੋਣਗੇ।
ਉਪਰੋਕਤ ਅਨੁਸਾਰ ਐਨ. ਚੋਅ ਦੀ ਸਫਾਈ ਮੰਡਲ ਭੂਮੀ ਰੱਖਿਆ ਅਫਸਰ (ਮਸ਼ੀਨਰੀ), ਐਸ.ਏ.ਐਸ. ਨਗਰ ਤੋਂ ਸਰਕਾਰੀ ਰੇਟਾਂ ਤੇ ਬੁਲਡੋਜਰ ਕਿਰਾਏ ਤੇ ਲੈ ਕੇ ਕਰਵਾਉਣ ਲਈ ਹੇਠ ਲਿਖੇ ਅਨੁਸਾਰ ਖਰਚਾ ਆਉਣ ਦੀ ਸੰਭਾਵਨਾ ਹੈ:-
</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

| | | | | |
|---|---|---|---|---|
| | | | Average Working days in a month is = 22 days<br>Total working days in five months is = 22X5=110 days<br>Taking 8 working hours per day total No. of Hours = 110X8=880 hrs.<br>Rent of Bulldozer @ Rs. 1400 per hrs. = 880X1400 = 12,32,000/-<br>For transportation of Bulldozers etc. (lump sum) = 1,20,000/-<br>Total Amount = 13,52,000/-<br><br>ਉਪਰੋਕਤ ਅਨੁਸਾਰ ਇਸ ਕੰਮ ਨੂੰ ਸਰਕਾਰੀ ਰੇਟਾਂ ਤੇ ਮੰਡਲ ਭੂਮੀ ਰੱਖਿਆ ਅਫਸਰ (ਮਸ਼ੀਨਰੀ), ਐਸ. ਏ.ਐਸ.ਨਗਰ ਤੋਂ ਜੇਕਰ 5 ਮਹੀਨੇ ਲਈ ਮਸ਼ੀਨਰੀ ਕਿਰਾਏ ਤੇ ਲਈ ਜਾਂਦੀ ਹੈ ਤਾਂ ਉਸ ਤੇ ਲਗਭਗ 13,52,000/-ਰੁਪਏ ਖਰਚਾ ਆਉਣ ਦੀ ਸੰਭਾਵਨਾ ਹੈ।ਇਸ ਕੰਮ ਦੀ ਅਦਾਇਗੀ ਮੌਕੇ ਤੇ ਕੀਤੇ ਗਏ ਕੰਮ ਅਨੁਸਾਰ ਹੀ ਕੀਤੀ ਜਾਵੇਗੀ।ਇਹ ਕੰਮ ਸਰਕਾਰੀ ਰੇਟਾਂ ਤੇ ਮਸ਼ੀਨਰੀ ਕਿਰਾਏ ਤੇ ਲੈ ਕੇ ਕਰਵਾਉਣ ਅਤੇ ਇਸ ਕੰਮ ਤੇ ਆਉਣ ਵਾਲੇ ਖਰਚੇ 13,52,000/-ਰੁਪਏ ਦੀ ਪ੍ਰਵਾਨਗੀ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਦੇਣ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰ ਹਿੱਤ ਰਿਪੋਰਟ ਪੇਸ਼ ਹੈ। | |
| 6 | 1965 | 23.03.20 | **<u>Rough cost estimate for providing and laying of 300MM I/D RCC pipe NP3 pipe, Construction of manholes and road gullies and other works contigent therto from H. No. HL 1 to HL-23, Phase-7, S.A.S Nagar</u>.** **(Amount = Rs 4.97 Lacs)**<br><br>ਰਿਪੋਰਟ ਇੰਜੀਨੀਅਰਿੰਗ ਸਾਖਾ (ਓ ਐਂਡ ਐਮ) ਕਿ ਵਿਸੇ ਦੇ ਸਬੰਧ ਵਿਚ ਇਸ ਦਫਤਰ ਵਿਖੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸਨ ਮੰਡਲ-1, ਮੋਹਾਲੀ ਵਲੋ ਆਪਣੇ ਪੱਤਰ ਨੰ: 14527 ਮਿਤੀ 20-12-2019 ਰਾਹੀ 4.97 ਲੱਖ ਰੁਪੈ ਦਾ ਤਖਮੀਨਾ ਫੰਡਜ ਉਪਲਭਦ ਕਰਾਉਣ ਅਤੇ ਪ੍ਰਸਾਸਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ। ਇਸ ਸਬੰਧੀ ਉਹਨਾ ਵੱਲੋ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਮੌਕੇ ਤੇ ਲੱਗੀਆਂ ਸੀਵਰੇਜ ਅਤੇ ਬਰਸਾਤੀ ਪਾਣੀ ਦੀਆਂ ਲਾਈਨਾਂ ਦੀ ਸਾਫ-ਸਫਾਈ ਅਤੇ ਦੇਖਭਾਲ ਦੇ ਨਾਲ ਨਾਲ ਮੌਕੇ ਤੇ ਬਣੇ ਮੈਨਹੋਲ ਚੈਂਬਰ ਆਦਿ ਦੀ ਵੀ ਨਿਯਮਤ ਰੂਪ ਵਿੱਚ ਰਿਪੇਅਰ ਕਰਵਾਉਣੀ ਪੈਂਦੀ ਹੈ। ਫੇਜ-7, ਐਸ.ਏ.ਐਸ ਨਗਰ ਦੇ HL-1 to HL-23 ਤੱਕ ਦੇ ਘਰਾਂ ਅਗੇ ਬਰਸਾਤੀ ਪਾਣੀ ਦੀ ਨਿਕਾਸੀ ਦੀ ਗੰਭੀਰ ਸਮੱਸਿਆ ਹੈ ਬਰਸਾਤ ਵੇਲੇ ਇਨਾਂ ਘਰਾਂ ਦੇ ਅਗੇ ਪਾਣੀ ਖੜ੍ਹਾਂ ਹੋ ਜਾਂਦਾ ਹੈ ਜਿਸ ਦੀ ਕਿਸੇ ਪਾਸੇ ਨਿਕਾਸੀ ਨਹੀਂ ਹੁੰਦੀ ਅਤੇ ਲੋਕਾਂ ਨੂੰ ਕਾਫੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਬੰਧੀ ਇਨਾਂ ਘਰਾਂ ਦੇ ਵਸਨੀਕ ਅਤੇ ਏਰੀਆਂ ਕੌਂਸਲਰ ਸ੍ਰੀ ਸਹਿਬੀ ਆਨੰਦ ਵਲੋਂ ਵਿਭਾਗ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਇਸ ਨੂੰ ਮੁੱਖ ਰੱਖਦੇ ਹੋਏ ਪ੍ਰਭਾਵਿਤ ਏਰੀਏ ਦਾ ਦੌਰਾ ਕਰਕੇ ਮੌਕੇ ਤੇ ਫਿਲਡ ਡੈਟਾ ਇਕੱਠਾ ਕੀਤਾ ਗਿਆ ਜਿਸ ਮੁਤਾਬਕ ਉਥੇ 10" ਅਤੇ 12" ਵਿਆਸ ਦੀ ਬਰਸਾਤੀ ਪਾਣੀ ਦੀ ਪਾਈਪਾਂ ਦੀ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਵਿਵਸਥਾ ਅਤੇ ਇਸ ਨਾਲ ਮੈਨ ਹੋਲਾਂ ਦੀ ਉਸਾਰੀ ਅਤੇ ਹੋਰ ਕੰਮਾਂ ਦੀ ਵਿਵਸਥਾ ਕਰਕਦੇ ਹੋਏ ਕੱਚੇ ਅੰਕੜਿਆਂ ਦਾ ਤਖਮੀਨਾ ਕਰਕੇ ਇਸ ਦਫ਼ਤਰ ਨੂੰ ਭੇਜਿਆ ਗਿਆ ਹੈ। ਉਕਤ ਕੰਮ ਨੂੰ ਮੁੱਖ ਰੱਖਦੇ ਹੋਏ ਏਰੀਏ ਦਾ ਸਰਵੇ ਕਰਵਾਇਆ ਗਿਆ ਅਤੇ ਲੋੜੀਂਦਾ ਫੀਲਡ ਡਾਟਾ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਹੈ।ਇਸ ਕੰਮ ਸਬੰਧੀ ਤਖਮੀਨੇ ਦੇ ਅੰਕੜੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਤਿਆਰ ਕੀਤੇ ਗਏ ਹਨ। ਉਕਤ ਅਨੁਸਾਰ ਇਸ ਕੰਮ ਦਾ ਰਫ ਕਾਸਟ ਤਖਮੀਨਾ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜਿਆ ਗਿਆ ਹੈ। ਪਬਲਿਕ ਹੈਲਥ ਡਿਪਾਰਟਮੈਂਟ ਦੇ ਸਟਾਫ ਵੱਲੋਂ ਮੋਕਾ ਚੈਕ ਕੀਤਾ ਗਿਆ ਅਤੇ ਪਾਇਆ ਗਿਆ ਕਿ ਮੋਕੇ ਤੇ ਕੰਮ ਹੋਣ ਵਾਲਾ ਹੈ।<br>ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ ਵਲੋ ਜੋ ਵਿਸੇ ਅਧੀਨ ਤਖਮੀਨਾ 4.97 ਲੱਖ ਰੂਪੈ ਦਾ ਭੇਜਿਆ ਗਿਆ ਹੈ, ਉਸ ਵਿਚ ਲਈਆਂ ਗਈਆਂ ਆਈਟਮਾਂ ਦੇ ਰੇਟ ਸੋਧਣ ਉਪਰੰਤ (4,85,961/- ਰੂਪੈ ਅਤੇ ਐਡਵਰਟਾਈਜਮੈਟ ਚਾਰਜਜ ਦੀ ਰਕਮ 4,859/- ਰੁਪਏ) ਕੁੱਲ ਰਕਮ 4,90,820/- ਰੂਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਬਧ ਕਰਾਉਣ ਸਬੰਧੀ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਪੇਸ ਹੈ। | |
| 7 | 1966 | 23.03.20 | **Rough cost estimate for repair of sewer lines at K.No. 651, Phase-3A, K.No. 975, Phase-3B2 and construction of manhole chamber at K.No. 1874, Phase-7, Raising of manholes at K. No. 2689, Phase-7, S.A.S Nagar etc. and all other works contingent thereto.**<br>**(Amount = Rs 2.90 Lacs)**<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ ਐਂਡ ਐਮ) ਕਿ ਵਿਸੇ ਦੇ ਸਬੰਧ ਵਿਚ ਇਸ ਦਫਤਰ ਵਿਖੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸਨ ਮੰਡਲ-1, ਮੋਹਾਲੀ ਵਲੋ ਆਪਣੇ ਪੱਤਰ ਨੰ: 14517 ਮਿਤੀ 20-12-2019 ਰਾਹੀ 2.90 ਲੱਖ ਰੂਪੈ ਦਾ ਤਖਮੀਨਾ ਫੰਡਜ ਉਪਲਬਦ ਕਰਾਉਣ ਅਤੇ ਪ੍ਰਸਾਸਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ। ਇਸ ਸਬੰਧੀ ਉਹਨਾ ਵੱਲੋ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਮੌਕੇ ਤੇ ਲੱਗੀਆਂ ਸੀਵਰ ਅਤੇ ਬਰਸਾਤੀ ਪਾਣੀ ਦੀਆਂ ਲਾਈਨਾਂ ਦੀ ਸਾਫ-ਸਫਾਈ ਅਤੇ ਦੇਖਭਾਲ ਦੇ ਨਾਲ-ਨਾਲ ਮੌਕੇ ਤੇ ਬਣੇ ਮੈਨਹੋਲ ਚੈਂਬਰ ਆਦਿ ਦੀ ਵੀ ਨਿਯਮਤ ਰੂਪ ਵਿੱਚ ਰਿਪੇਅਰ ਕਰਵਾਉਣੀ ਪੈਂਦੀ ਹੈ। ਸ਼ਹਿਰ ਵਿਚ ਵੱਖ-ਵੱਖ ਥਾਵਾਂ ਤੇ ਸੀਵਰ ਲਾਈਨ ਦੀ ਰਿਪੇਅਰ ਲੋੜੀਂਦੀ ਹੈ ਜਿਵੇਂ ਕਿ ਫੇਜ- 3ਏ ਦੀ ਕੋਠੀ ਨੰ: 651, ਫੇਜ-3ਬੀ-2 ਦੀ ਕੋਠੀ ਨੰ: 975 ਅਤੇ ਸੈਕਟਰ-70 ਦੀ ਕੋਠੀ ਨੰ: 2731 ਆਦਿ। ਇਵੇਂ ਹੀ ਫੇਜ਼-7 ਵਿਖੇ ਮੋਟਰ ਮਾਰਕੀਟ ਸਾਹਮਣੇ 10” ਵਿਆਸ ਦੀ ਲਾਈਨ ਦੀ ਸਫਾਈ ਲੋੜੀਂਦੀ ਹੈ ਅਤੇ 2 ਨੰ: ਨਵੀਆਂ ਰੋਡ ਗਲੀਆਂ ਦੀ ਉਸਾਰੀ ਲੋੜੀਂਦੀ ਹੈ। ਕੋਠੀ ਨੰ: 1874 ਫੇਜ-7 ਕੋਲ ਸੀਵਰ ਲਾਈਨ ਉਪੱਰ ਮੈਨ ਹੋਲ ਦੀ ਉਸਾਰੀ ਲੋੜੀਂਦੀ ਹੈ ਅਤੇ ਕੋਠੀ ਨੰ: 2689 ਫੇਜ-7 ਵਿਖੇ ਕੁੱਲ 04 ਨੰ: ਮੈਨਹੋਲਾਂ ਨੂੰ ਉੱਚੇ ਕਰਨ ਦੀ ਜ਼ਰੂਰਤ ਹੈ। ਫੇਜ਼-10 ਵਿਖੇ, ਕੋਠੀ ਨੰ: 1105 ਕੋਲ ਰੋਡ ਗਲੀ ਦੀ ਰਿਪੇਅਰ ਅਤੇ ਉਸਾਰੀ ਦੀ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਲੋੜ ਹੈ ਅਤੇ ਫੇਜ਼-11 ਵਿਖੇ ਕੋਠੀ ਨੰ: 767 ਵਿਖੇ ਵੀ ਰੋਡ ਗਲੀ ਦੀ ਰਿਪੇਅਰ ਲੋੜੀਂਦੀ ਹੈ। ਇਨ੍ਹਾਂ ਸ਼ਿਕਾਇਤਾਂ ਸਬੰਧੀ ਸਬੰਧਤ ਕੌਂਸਲਰ ਕੋਲੋਂ ਅਤੇ ਪਬਲਿਕ ਵੱਲੋਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਉਕਤ ਕੰਮ ਨੂੰ ਮੁੱਖ ਰੱਖਦੇ ਹੋਏ ਏਰੀਏ ਦਾ ਸਰਵੇ ਕਰਵਾਇਆ ਗਿਆ ਅਤੇ ਲੋੜੀਂਦਾ ਫੀਲਡ ਡਾਟਾ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਹੈ।ਇਸ ਕੰਮ ਸਬੰਧੀ ਤਖਮੀਨੇ ਦੇ ਅੰਕੜੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਤਿਆਰ ਕੀਤੇ ਗਏ ਹਨ। ਓਕਤ ਅਨੁਸਾਰ ਇਸ ਕੰਮ ਦਾ ਰਫ ਕਾਸਟ ਤਖਮੀਨਾ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜਿਆ ਗਿਆ ਹੈ। ਪਬਲਿਕ ਹੈਲਥ ਡਿਪਾਰਟਮੈਂਟ ਦੇ ਸਟਾਫ ਵੱਲੋਂ ਮੋਕਾ ਚੈਕ ਕੀਤਾ ਗਿਆ ਅਤੇ ਪਾਇਆ ਗਿਆ ਕਿ ਮੋਕੇ ਤੇ ਕੰਮ ਹੋਣ ਵਾਲਾ ਹੈ।<br>ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ ਵਲੋ ਜੋ ਵਿਸੇ ਅਧੀਨ ਤਖਮੀਨਾ 2.90 ਲੱਖ ਰੁਪੈ ਦਾ ਭੇਜਿਆ ਗਿਆ ਹੈ, ਉਸ ਵਿਚ ਲਈਆਂ ਗਈਆਂ ਆਈਟਮਾਂ ਦੇ ਰੇਟ ਸੋਧਣ ਉਪਰੰਤ (2,77,235/- ਰੁਪੈ ਅਤੇ ਐਡਵਰਟਾਈਜਮੈਟ ਚਾਰਜਜ ਦੀ ਰਕਮ 2,772/- ਰੁਪਏ) ਕੁੱਲ ਰਕਮ 2,80,007/- ਰੁਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਭਧ ਕਰਾਉਣ ਸਬੰਧੀ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਪੇਸ ਹੈ। | |
| 8 | 1967 | 23.03.20 | **<u>Rough cost estimate for repair and desiliting of sewer line from K.NO. 1248 TO 1252 and repair to sewer line 1303 to 1315 including lifting of manholes, Phase-5, S.A.S. Nagar and all other works contingent thereto.</u>**<br>**(Amount = Rs 2.79 Lacs)**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ ਐਂਡ ਐਮ) ਕਿ ਵਿਸੇ ਦੇ ਸਬੰਧ ਵਿਚ ਇਸ ਦਫਤਰ ਵਿਖੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸਨ ਮੰਡਲ-1, ਮੋਹਾਲੀ ਵਲੋ ਆਪਣੇ ਪੱਤਰ ਨੰ:562 ਮਿਤੀ 16-01-2020 ਰਾਹੀ 2.79 ਲੱਖ ਰੁਪੈ ਦਾ ਤਖਮੀਨਾ ਫੰਡਜ ਉਪਲਭਦ ਕਰਾਉਣ ਅਤੇ ਪ੍ਰਸਾਸਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ। ਇਸ ਸਬੰਧੀ ਉਹਨਾ ਵੱਲੋ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਐਸ.ਏ.ਐਸ ਨਗਰ, ਫੇਜ਼-5 ਅਧੀਨ ਕੋਠੀ ਨ: 1248 ਤੋਂ 1259 ਅਤੇ 1260 ਤੋਂ 1273 ਤੱਕ ਸੀਵਰ ਲਾਈਨ ਅਕਸਰ ਹੀ ਬੰਦ ਰਹਿੰਦੀ ਹੈ। ਜਦੋਂ ਇਸ ਲਾਈਨ ਨੂੰ ਚੈੱਕ ਕੀਤਾ ਗਿਆ ਤਾਂ ਇਹ ਲਾਈਨ ਦੇ ਤਿੰਨ ਜਗ੍ਹਾ ਤੋਂ ਟੁੱਟੀ ਨਿਕਲੀ ਅਤੇ ਕੋਠੀ ਨੰ: 1253 ਦੇ ਸਾਹਮਣੇ ਇਸ ਲਾਈਨ ਵਿੱਚ ਕਾਫੀ ਵੱਡਾ ਖੱਡਾ ਪੈ ਗਿਆ ਹੈ। ਜਿਸ ਨੂੰ ਕਿ ਰਿਪੇਅਰ ਕਰਨਾ ਕਾਫੀ ਜਰੂਰੀ ਹੈ। ਇਸ ਦੇ ਨਾਲ ਉਕਤ ਲਾਈਨ ਦੇ ਸਾਰੇ ਮੈਨਹੋਲ ਸਿਲਟ ਅੱਪ ਹਨ ਅਤੇ ਇਨ੍ਹਾਂ ਦੀ ਡੀਸਿਲਟਿੰਗ ਦੀ ਕਾਫੀ ਜਰੂਰਤ ਹੈ। ਕੋਠੀ ਨੰ: 1303 ਤੋਂ 1315 ਦੀ ਲਾਈਨ ਦੀ ਵੀ ਡੀਸਿਲਟਿੰਗ ਅਤੇ ਮੈਨਹੋਲ ਲਿਫਟਿੰਗ ਦੀ ਜਰੂਰਤ ਹੈ। ਉਕਤ ਕੰਮ ਨੂੰ ਮੁੱਖ ਰੱਖਦੇ ਹੋਏ ਏਰੀਏ ਦਾ ਸਰਵੇ ਕਰਵਾਇਆ ਗਿਆ ਅਤੇ ਲੋੜੀਂਦਾ ਫੀਲਡ ਡਾਟਾ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਹੈ।ਇਸ ਕੰਮ ਸਬੰਧੀ ਤਖਮੀਨੇ ਦੇ ਅੰਕੜੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਅਧਿਕਾਰੀਆਂ ਵੱਲੋਂ ਤਿਆਰ ਕੀਤੇ ਗਏ ਹਨ। ਓਕਤ ਅਨੁਸਾਰ ਇਸ ਕੰਮ ਦਾ ਰਫ ਕਾਸਟ ਤਖਮੀਨਾ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜਿਆ ਗਿਆ ਹੈ। ਪਬਲਿਕ ਹੈਲਥ ਡਿਪਾਰਟਮੈਂਟ ਦੇ ਸਟਾਫ ਵੱਲੋਂ ਮੋਕਾ ਚੈਕ ਕੀਤਾ ਗਿਆ ਅਤੇ ਪਾਇਆ ਗਿਆ ਕਿ ਮੌਕੇ ਤੇ ਕੰਮ ਹੋਣ ਵਾਲਾ ਹੈ।<br>ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ ਵਲੋ ਜੋ ਵਿਸੇ ਅਧੀਨ ਤਖਮੀਨਾ 2.79 ਲੱਖ ਰੁਪੈ ਦਾ ਭੇਜਿਆ ਗਿਆ ਹੈ, ਉਸ ਵਿਚ ਲਈਆਂ ਗਈਆਂ ਆਈਟਮਾਂ ਦੇ ਰੇਟ ਸੋਧਣ ਉਪਰੰਤ (2,69,902/- ਰੁਪੈ ਅਤੇ ਐਡਵਰਟਾਈਜਮੈਟ ਚਾਰਜਜ ਦੀ ਰਕਮ 2,699/- ਰੁਪਏ) ਕੁੱਲ ਰਕਮ 2,72,601/- ਰੁਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਭਧ ਕਰਾਉਣ ਸਬੰਧੀ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਪੇਸ ਹੈ। | |
| 9 | 1968 | 23.03.20 | **Rough cost estimate for repair of collapsed main out fall sewer at Kumbra chowk including the work of pumping of complete discharge of sewer from phase-1 to 7, plugging main outfall sewer at different locations and casting 250 MM RCC slab at collapsed location phase-8, S.A.S. Nagar and all other works contingent thereto.**<br>**(Amount = Rs 6.59 Lacs)**<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਓ ਐਂਡ ਐਮ) ਕਿ ਵਿਸੇ ਦੇ ਸਬੰਧ ਵਿਚ ਇਸ ਦਫਤਰ ਵਿਖੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸਨ ਮੰਡਲ-1, ਮੋਹਾਲੀ ਵਲੋ ਆਪਣੇ ਪੱਤਰ ਨੰ: 101 ਮਿਤੀ 06-01-2020 ਰਾਹੀ 6.59 ਲੱਖ ਰੁਪੈ ਦਾ ਤਖਮੀਨਾ ਫੰਡਜ ਉਪਲਭਦ ਕਰਾਉਣ ਅਤੇ ਪ੍ਰਸਾਸਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ। ਇਸ ਸਬੰਧੀ ਉਹਨਾ ਵੱਲੋ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਫੇਜ-8 ,ਐਸ.ਏ.ਐਸ ਨਗਰ ਅਧੀਨ ਮੇਨ ਆਊਟਫਾਲ ਸੀਵਰ 36" ਸੈਟਲ ਕਰ ਗਈ ਹੈ। ਜਿਸ ਕਾਰਣ ਫੇਜ਼-1 ਤੋ 7 ਤੱਕ ਦੇ ਸੀਵਰ ਦਾ ਡਿਸਚਾਰਜ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ ਅਤੇ ਦਿਨੋਂ ਦਿਨ ਫੇਜ਼-1 ਤੋਂ 7 ਦੇ ਮੈਨਹੋਲਾਂ ਤੋਂ ਨਿਕਾਸੀ ਨਾ ਹੋਣ ਕਾਰਣ ਸੀਵਰ ਦੀਆਂ ਕੰਪਲੇਟਾ ਵਿੱਚ ਕਾਫੀ ਵਾਧਾ ਹੋ ਰਿਹਾ ਹੈ। ਇਸ ਸੈਟਲਮੈਂਟ ਨੂੰ ਰਿਪੇਅਰ ਕਰਨ ਲਈ ਫੇਜ਼-1 ਤੋਂ 7 ਦੇ ਸੀਵਰ ਦੇ ਲੱਗਭਗ ਸਾਰੇ ਪਾਣੀ ਨੂੰ ਪੰਪ ਆਊਟ ਕਰਨ ਦੀ ਜ਼ਰੂਰਤ ਹੈ ਅਤੇ ਇਸ ਸੈਟਲਡ ਸੀਵਰ ਦੇ ਨਾਲ 24" ਵਿਆਸ ਦੀ ਪਾਣੀ ਦੀ ਪਾਈਪ ਲਾਈਨ ਵੀ ਲੰਘਦੀ ਹੈ ਜਿਹੜੀ ਕਿ ਇਸ ਸੀਵਰ ਦੇ ਜਲਦ ਰਿਪੇਅਰ ਨਾ ਹੋਣ ਕਾਰਣ ਕਦੇ ਵੀ ਸੈਟਲ ਕਰ ਸਕਦੀ ਹੈ।ਉਕਤ ਕੰਮ ਨੂੰ ਮੁੱਖ ਰੱਖਦੇ ਹੋਏ ਏਰੀਏ ਦਾ ਸਰਵੇ ਕਰਵਾਇਆ ਗਿਆ ਅਤੇ ਲੋੜੀਂਦਾ ਫੀਲਡ ਡਾਟਾ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਹੈ।ਇਸ ਕੰਮ ਸਬੰਧੀ ਤਖਮੀਨੇ ਦੇ ਅੰਕੜੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਤਿਆਰ ਕੀਤੇ ਗਏ ਹਨ। ਓਕਤ ਅਨੁਸਾਰ ਇਸ ਕੰਮ ਦਾ ਰਫ ਕਾਸਟ ਤਖਮੀਨਾ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜਿਆ ਗਿਆ ਹੈ। ਪਬਲਿਕ ਹੈਲਥ ਡਿਪਾਰਟਮੈਂਟ ਦੇ ਸਟਾਫ ਵੱਲੋਂ ਮੋਕਾ ਚੈਕ ਕੀਤਾ ਗਿਆ ਅਤੇ ਪਾਇਆ ਗਿਆ ਕਿ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਮੌਕੇ ਤੇ ਕੰਮ ਹੋਣ ਵਾਲਾ ਹੈ।<br><br>ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ ਵਲੋ ਜੋ ਵਿਸੇ ਅਧੀਨ ਤਖਮੀਨਾ 6.59 ਲੱਖ ਰੁਪੈ ਦਾ ਭੇਜਿਆ ਗਿਆ ਹੈ, ਉਸ ਵਿਚ ਲਈਆਂ ਗਈਆਂ ਆਈਟਮਾਂ ਦੇ ਰੇਟ ਸੋਧਣ ਉਪਰੰਤ (6,02,975/- ਰੁਪੈ ਅਤੇ ਐਡਵਰਟਾਈਜਮੈਟ ਚਾਰਜਜ ਦੀ ਰਕਮ 6,029/- ਰੁਪਏ) ਕੁੱਲ ਰਕਮ 6,09,004/- ਰੁਪੈ ਦੀ ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਭਧ ਕਰਾਉਣ ਸਬੰਧੀ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਪੇਸ ਹੈ। | |
| 10 | 1969 | 23.03.20 | **<u>Development of Park No.52,53,98,99 and Park opposite 1045 and valleyball court in park opp. Park 465 & back side 118,169 Kargil Park Sector 71 ward No.50</u> (E/c 14.62 lacs)**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਬਾਗਬਾਨੀ) ਕਿ ਦਫਤਰ ਵੱਲੋਂ ਆਪਣੇ ਵਰਕ ਆਰਡਰ ਨੰ.7/23 ਰਾਂਹੀ ਮਿਤੀ 8/3/19 ਰਾਂਹੀ ਵਾਰਡ ਨੰ.50 ਦੀਆਂ ਪਾਰਕਾਂ ਦੀ ਡਿਵੈਲਪਮੈਂਟ ਦਾ ਕੰਮ ਕੀਤਾ ਜਾ ਰਿਹਾ ਹੈ। ਵਾਰਡ ਨੰ. 50 ਦੇ ਨੁਮਾਇਦਿਆ ਦਾ ਵਫਦ ਮਾਨਯੋਗ ਮੇਅਰ ਜੀ ਨੂੰ ਮਿਲਿਆ ਅਤੇ ਉਹਨਾਂ ਨੇ ਬੇਨਤੀ ਕੀਤੀ ਕਿ ਕੋਠੀ ਨੰ.362 ਦੇ ਸਾਹਮਣੇ ਵਾਲੀ ਪਾਰਕ ਇੱਕ ਸਾਈਡ ਤੋਂ ਨੀਵੀਂ ਹੋਣ ਕਾਰਨ ਬਰਸਾਤ ਦੇ ਮੌਸਮ ਵਿੱਚ ਪਾਰਕ ਵਿੱਚ ਕਈ ਕਈ ਦਿਨ ਪਾਣੀ ਖੜਾ ਰਹਿੰਦਾ ਹੈ। ਇਸ ਲਈ ਪਾਰਕ ਵਿੱਚ ਮਿੱਟੀ ਪਾ ਕੇ ਲੈਵਲ ਕੀਤਾ ਜਾਵੇ ਅਤੇ ਪਾਰਕ ਵਿੱਚ ਛੋਟੇ ਬੱਚਿਆ ਲਈ ਝੂਲੇ ਲਗਾਏ ਜਾਣ।ਮੇਅਰ ਸਾਹਿਬ ਵੱਲੋਂ ਜ਼ੁਬਾਨੀ ਹੁਕਮ ਦਿੱਤੇ ਗਏ ਕਿ ਉਕਤ ਪਾਰਕ ਵਿੱਚ ਲੋੜ ਮੁਤਾਬਿਕ ਕੰਮ ਕਰਵਾਏ ਜਾਣ। ਸਬੰਧਤ ਜੇ.ਈ. ਵੱਲੋਂ ਮੌਕੇ ਚੈਕ ਕੀਤਾ ਗਿਆ ਤਾਂ ਪਾਇਆ ਗਿਆ ਕਿ ਪਾਰਕ ਦੀ ਲੈਵਲਿੰਗ ਲਈ ਮਿੱਟੀ ਅਤੇ ਬੱਚਿਆ ਲਈ ਝੂਲਿਆਂ ਦੀ ਲੋੜ ਹੈ ਅਤੇ ਉਕਤ ਤਖਮੀਨੇ ਵਿੱਚ ਝੂਲਿਆਂ ਦੀ ਆਈਟਮ ਨਹੀ ਹੈ। ਮੌਕੇ ਤੇ ਉਕਤ ਕੰਮ ਕਰਵਾਉਣਾ ਅਤਿ ਜ਼ਰੂਰੀ ਹੈ। ਇਸ ਕੰਮ ਦੀ ਅਦਾਇਗੀ ਏਜੰਸੀ ਨੂੰ ਅਲਾਟਡ ਰੇਟਾਂ ਦੇ ਆਧਾਰ ਤੇ ਹੀ ਕੀਤੀ ਜਾਵੇਗੀ। ਸੋ ਉਕਤ ਕੰਮ ਕਰਵਾਉਣ ਅਤੇ ਤਖਮੀਨੇ ਦੀ ਅਲਾਟਡ ਰਕਮ ਵਿੱਚ 6% ਦਾ ਵਾਧਾ ਕਰਦੇ ਹੋਏ ਰਿਵਾਇਜ਼ਡ ਤਖਮੀਨਾ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 11 | 1970 | 23.03.20 | **<u>ਫੇਜ਼-1 ਪੁਰਾਣੇ ਡੀ.ਸੀ.ਦਫਤਰ ਦੇ ਨਜ਼ਦੀਕ ਚੌਕ/ਰਾਉਂਡ ਅਬਾਉਂਟ ਨੂੰ ਨਵੇਂ ਸਿਰੇ ਤੋਂ ਅਲਾਟ ਕਰਨ ਸਬੰਧੀ।</u>**<br><br>ਰਿਪੋਰਟ ਸੁਪਰਡੈਂਟ (ਐਂਡਵਰਟਾਈਜ਼ਮੈਟ) ਕਿ ਨਗਰ ਨਿਗਮ ਵੱਲੋਂ ਵਿਸ਼ੇ ਅਧੀਨ ਚੌਕ ਚੰਡੀਗੜ੍ਹ ਯੂਨੀਵਰਸਿਟੀ,ਘੜੂਆਂ ਨੂੰ ਦੇਖਭਾਲ ਲਈ ਮਿਤੀ 11/2/2015 ਤੋਂ 10/2/2020 ਤੱਕ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਅਲਾਟ ਕੀਤਾ ਗਿਆ ਸੀ, ਇਸ ਤਰ੍ਹਾਂ ਕੀਤੀ ਗਈ ਅਲਾਟਮੈਂਟ ਦੀ ਅਲਾਟਮੈਂਟ ਮਿਤੀ 10/2/2020 ਨੂੰ ਖਤਮ ਹੋ ਚੁੱਕੀ ਹੈ, ਜਿਸ ਕਾਰਨ ਇਸ ਚੌਕ ਦੀ ਅਲਾਟਮੈਂਟ ਨਵੇਂ ਸਿਰੇ ਤੋਂ ਕਿਸੇ ਸੰਸਥਾਂ ਨੂੰ ਕਰਨੀ ਜ਼ਰੂਰੀ ਹੈ ਕਿਉਂਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਸ ਚੌਕ ਨੂੰ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਆਪਣੇ ਖਰਚੇ ਤੇ ਮੇਨਟੈਨ ਕਰਨਾ ਪਵੇਗਾ। ਇੱਥੇ ਦੱਸਣ ਯੋਗ ਹੈ ਕਿ ਪਿਛਲੇ ਕਾਫੀ ਸਮੇਂ ਤੋਂ ਨਗਰ ਨਿਗਮ ਪਾਸ ਕਿਸੇ ਉੱਘੀ ਸੰਸਥਾ ਵੱਲੋਂ ਸੀ.ਐਸ.ਆਰ ਅਧੀਨ ਕੋਈ ਗਰੀਨ ਬੈਲਟ ਜਾਂ ਚੌਕ ਦੀ ਦੇਖਭਾਲ ਕਰਨ ਦੀ ਦਰਖਾਸਤ ਪ੍ਰਾਪਤ ਨਹੀ ਹੋਈ ਹੈ, ਪਰੰਤੂ ਉਕਤ ਯੂਨੀਵਰਸਿਟੀ ਵੱਲੋਂ ਲਿਖ ਕੇ ਦਿੱਤਾ ਗਿਆ ਹੈ ਕਿ ਉਹਨਾਂ ਦੀ ਸੰਸਥਾ ਉਕਤ ਚੌਕ ਨੂੰ ਅੱਗੇ ਹੋਰ 5 ਸਾਲ ਲਈ ਮੇਨਟੈਨ ਕਰਨ ਲਈ ਤਿਆਰ ਹੈ। ਇਸ ਲਈ ਉਕਤ ਚੌਕ ਉਕਤ ਯੂਨੀਵਰਸਿਟੀ ਨੂੰ ਅੱਗੇ 5 ਸਾਲਾਂ ਲਈ ਅਲਾਟ ਕਰਨ ਤੇ ਵਿਚਾਰ ਕਰਨ ਲਈ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਰਾਂਹੀ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਹੈ। | |
| 12 | 1971 | 23.03.20 | **ਨਗਰ ਨਿਗਮ ਦੀਆਂ ਲਾਇਬਰੇਰੀਆਂ ਲਈ ਕਿਤਾਬਾਂ ਦੀ ਖਰੀਦ ਕਰਨ ਸਬੰਧੀ।**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਨਗਰ ਨਿਗਮ ਦੀਆਂ ਲਾਇਬਰੇਰੀਆਂ ਲਈ ਖਰੀਦ ਕਰਨ ਲਈ 5 ਵਾਰ ਟੈਂਡਰ ਕਾਲ ਕੀਤੇ ਗਏ ਸਨ, ਪਰੰਤੂ ਕਿਸੇ ਵੀ ਏਜੰਸੀ ਵੱਲੋਂ ਇਸ ਵਿੱਚ ਭਾਗ ਨਹੀ ਲਿਆ ਗਿਆ। ਹੁਣ ਇਹ ਟੈਂਡਰ 6ਵੀਂ ਵਾਰ ਕਾਲ ਕੀਤੇ ਗਏ ਹਨ, ਜਿਸ ਵਿੱਚ ਬਾਬਾ ਗੰਗਾਰਾਮ ਕਿਰਤ ਤੇ ਉਸਾਰੀ ਸਭਾ ਵੱਲੋਂ ਭਾਗ ਲਿਆ ਗਿਆ ਹੈ। ਸਭਾ ਵੱਲੋਂ ਤਖਮੀਨੇ ਤੋਂ 10% ਰੇਟ ਵੱਧ ਭਰੇ ਗਏ ਸਨ (ਭਾਵ ਐਮ ਆਰ ਪੀ ਤੋਂ 10% ਵੱਧ) । ਸਭਾ ਨੂੰ ਰੇਟ ਘੱਟ ਕਰਨ ਲਈ ਗਿਆ ਗਿਆ ਸੀ, ਪਰੰਤੂ ਉਸ ਵੱਲੋਂ ਅਸਹਿਮਤੀ ਜਤਾਈ ਗਈ। ਇਸ ਉਪਰੰਤ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਆਪਣੇ ਹੁਕਮ ਮਿਤੀ 9/12/19 ਰਾਂਹੀ ਟੈਂਡਰ ਰੱਦ ਕਰਨ ਅਤੇ ਰੀਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਇਸ ਉਪਰੰਤ ਸੋਸਾਇਟੀ ਵੱਲੋਂ ਆਪਣੇ ਪੱਤਰ ਮਿਤੀ 14/11/19 ਰਾਂਹੀ ਲਿਖ ਕੇ ਦਿੱਤਾ ਗਿਆ ਕਿ ਉਹ ਆਪਣੇ ਰੇਟ ਘੱਟ ਕਰਕੇ ਐਮ.ਆਰ.ਪੀ. ਤੇ ਕਰਨ ਨੂੰ ਤਿਆਰ ਹੈ। ਉਸ ਨਾਲ ਮੁੜ ਨੈਗੋਸੀਏਸ਼ਨ ਕੀਤੀ ਗਈ ਅਤੇ ਉਸਦਾ ਫਾਈਨਲ ਰੇਟ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ. 1955 ਮਿਤੀ 12/2/2020 ਰਾਂਹੀ ਐਮ.ਆਰ.ਪੀ. ਤੇ 1% ਘਟ ਕਰਨਾ ਪ੍ਰਵਾਨ ਕੀਤਾ ਗਿਆ ਹੈ। ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਵਿਚਾਰ ਵਟਾਦਰਾਂ ਕੀਤਾ ਗਿਆ ਕਿ ਜੇਕਰ ਮਾਰਕੀਟ ਵਿਚੋਂ ਸਿੱਧੀਆ ਕਿਤਾਬਾਂ ਦੀ ਖਰੀਦ ਕੀਤੀ ਜਾਵੇ ਤਾਂ 15-20% ਤੱਕ ਡਿਸਕਾਉਂਟ ਮਿਲ ਸਕਦਾ ਹੈ।ਸੋਸਾਇਟੀ ਵੱਲੋਂ ਭਰੇ ਰੇਟ ਹਾਇਰ ਜਾਪਦੇ ਹਨ। ਇਸ ਲਈ ਉਕਤ ਸੋਸਇਟੀ ਨਾਲ ਫਿਰ ਤੋਂ ਨੈਗੋਸੀਏਸ਼ਨ ਕੀਤੀ ਜਾਵੇ। ਸੋਸਇਟੀ ਵੱਲੋਂ ਹੋਰ ਡਿਸਕਾਉਂਟ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਇਤਨੇ ਹਾਇਰ ਰੇਟਾਂ ਤੇ ਸੋਸਾਇਟੀ ਤੋਂ ਕਿਤਾਬਾਂ ਦੀ ਖਰੀਦ ਕਰਨੀ ਵਾਜਿਬ ਨਹੀ ਹੈ। ਸੋ ਉਕਤ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਹਿਲਾਂ ਉਕਤ ਸੋਸਾਇਟੀ ਦੇ ਪ੍ਰਵਾਨ ਕੀਤੇ ਰੇਟ ਕੈਂਸਲ ਕਰਨ ਅਤੇ ਟੈਂਡਰ ਦੁਬਾਰਾ ਰੀਕਾਲ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। | ਹਾਲ ਦੀ ਘੜੀ ਇਸ ਆਈਟਮ ਨੂੰ ਸਰਬ ਸੰਮਤੀ ਨਾਲ ਪੈਡਿੰਗ ਕੀਤਾ ਜਾਂਦਾ ਹੈ। |

<table>
<tr><td></td><td></td><td></td><td></td><td></td></tr>
<tr>
<td>13</td>
<td>1972</td>
<td>23.03.20</td>
<td>

**<u>ਕਮਿਊਨਿਟੀ ਸੈਂਟਰਾਂ ਦੀ ਸਾਲ 2020-21 ਲਈ ਐਲ-5 ਡੀ ਦੀ ਸਲਾਨਾ ਲਾਇਸੰਸ ਫੀਸ ਜਮ੍ਹਾਂ ਕਰਵਾਉਣ ਬਾਰੇ।</u>**

ਰਿਪੋਰਟ ਸੁਪਰਡੰਟ (ਜਨਰਲ) ਕਿ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਐਸ.ਏ.ਐਸ.ਨਗਰ ਵੱਲੋਂ ਪੱਤਰ ਨੰ: 3834 ਆਬ. ਮਿਤੀ 16.03.2020 ਜੋ ਕਿ ਇਸ ਦਫਤਰ ਵਿਖੇ ਮਿਤੀ 17.03.2020 ਨੂੰ ਪ੍ਰਾਪਤ ਹੋਇਆ ਹੈ, ਰਾਹੀਂ ਇਸ ਦਫਤਰ ਨੂੰ ਲਿਖਿਆ ਹੈ ਕਿ ਮਿਊਂਸਪਲ ਕਾਰਪੋਰੇਸ਼ਨ,ਐਸ.ਏ.ਐਸ.ਨਗਰ ਅਧੀਨ ਜਿੰਨੇ ਵੀ ਕਮਿਊਨਿਟੀ ਸੈਂਟਰ ਪੈਂਦੇ ਹਨ, ਉਨ੍ਹਾਂ ਦੀ ਆਬਕਾਰੀ ਨੀਤੀ ਸਾਲ 2020-21 ਅਨੁਸਾਰ ਸਲਾਨਾ ਫੀਸ 25,000/-ਰੁਪਏ (ਹਰ ਇੱਕ ਲਈ ਵੱਖਰੇ ਤੌਰ ਤੇ) ਭਰਵਾਉਣੀ ਬਣਦੀ ਹੈ, ਕਿਉਂਕਿ ਸਲਾਨਾ ਫੀਸ ਭਰਨ ਤੋਂ ਬਾਅਦ ਹੀ ਉਨ੍ਹਾਂ ਦੇ ਵਿਭਾਗ ਵੱਲੋਂ ਐਲ-50 ਏ ਪਰਮਿਟ ਜਾਰੀ ਕੀਤਾ ਜਾਂਦਾ ਹੈ ਅਤੇ ਉਕਤ ਵਿਭਾਗ ਵੱਲੋਂ ਹਰ ਇੱਕ ਕਮਿਊਨਿਟੀ ਸੈਂਟਰ ਦੀ ਐਲ-5 ਡੀ ਦੀ ਸਲਾਨਾ ਲਾਇਸੰਸ ਫੀਸ ਜਮ੍ਹਾਂ ਕਰਵਾਉਣ ਲਈ ਲਿਖਿਆ ਹੈ ਤਾਂ ਕਿ ਕਮਿਊਨਿਟੀ ਸੈਂਟਰਾਂ ਵਿੱਚ ਹੋਣ ਵਾਲੇ ਕਿਸੇ ਵੀ ਪਾਰਟੀ/ ਫੰਕਸ਼ਨ ਵਿੱਚ ਕੋਈ ਰੁਕਾਵਟ ਨਾ ਆਵੇ।

ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਐਸ.ਏ.ਐਸ.ਨਗਰ ਵੱਲੋਂ ਉਕਤ ਪ੍ਰਾਪਤ ਹੋਏ ਪੱਤਰ ਨੰ: 3834 ਆਬ. ਮਿਤੀ 16.03.2020 ਦੀ ਰੋਸ਼ਨੀ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਅਧੀਨ ਸ਼ਹਿਰ ਦੇ ਵੱਖ-ਵੱਖ ਸੈਕਟਰਾਂ ਵਿੱਚ ਇਸ ਸਮੇਂ ਕੁਲ 9 ਕਮਿਊਨਿਟੀ ਸੈਂਟਰ ਹਨ, ਜਿੰਨ੍ਹਾਂ ਦੀ ਸਾਲ 2020-21 ਲਈ ਐਲ-5 ਡੀ ਦੀ ਸਲਾਨਾ ਲਾਇਸੰਸ ਫੀਸ ਹੇਠ ਲਿਖੇ ਅਨੁਸਾਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਐਸ.ਏ.ਐਸ.ਨਗਰ ਦੇ ਵਿਭਾਗ ਨੂੰ ਅਦਾ ਕਰਨ ਯੋਗ ਹੈ:-

<table>
<tr><td>ਲੜੀ ਨੰ:</td><td>ਨਗਰ ਨਿਗਮ, ਐਸ.ਏ.ਐਸ.ਨਗਰ ਅਧੀਨ ਪੈਂਦੇ ਕਮਿਊਨਿਟੀ ਸੈਂਟਰ</td><td>ਉਕਤ ਪੱਤਰ ਅਨੁਸਾਰ ਸਾਲ 2020-21 ਲਈ ਐਲ-5ਡੀ ਦੀ ਸਲਾਨਾ ਫੀਸ ਜਮ੍ਹਾਂ ਕਰਵਾਉਣ ਯੋਗ ਬਣਦੀ ਲਾਇਸੰਸ ਫੀਸ (ਪ੍ਰਤੀ ਕਮਿਊਨਿਟੀ ਸੈਂਟਰ)</td></tr>
<tr><td>1</td><td>ਕਮਿਊਨਿਟੀ ਸੈਂਟਰ, ਸੈਕਟਰ-54,ਐਸ.ਏ.ਐਸ.ਨਗਰ</td><td>25,000/-ਰੁਪਏ</td></tr>
<tr><td>2</td><td>ਕਮਿਊਨਿਟੀ ਸੈਂਟਰ, ਸੈਕਟਰ-55,ਐਸ.ਏ.ਐਸ.ਨਗਰ</td><td>25,000/-ਰੁਪਏ</td></tr>
<tr><td>3</td><td>ਕਮਿਊਨਿਟੀ ਸੈਂਟਰ, ਸੈਕਟਰ-56,ਐਸ.ਏ.ਐਸ.ਨਗਰ</td><td>25,000/-ਰੁਪਏ</td></tr>
</table>

</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

<table>
<tr>
<td></td>
<td></td>
<td></td>
<td>
<table>
<tr><td>4</td><td>ਕਮਿਊਨਿਟੀ ਸੈਂਟਰ, ਸੈਕਟਰ-59,ਐਸ.ਏ.ਐਸ.ਨਗਰ</td><td>25,000/-ਰੁਪਏ</td></tr>
<tr><td>5</td><td>ਕਮਿਊਨਿਟੀ ਸੈਂਟਰ, ਸੈਕਟਰ-61,ਐਸ.ਏ.ਐਸ.ਨਗਰ</td><td>25,000/-ਰੁਪਏ</td></tr>
<tr><td>6</td><td>ਕਮਿਊਨਿਟੀ ਸੈਂਟਰ, ਸੈਕਟਰ-65,ਐਸ.ਏ.ਐਸ.ਨਗਰ</td><td>25,000/-ਰੁਪਏ</td></tr>
<tr><td>7</td><td>ਕਮਿਊਨਿਟੀ ਸੈਂਟਰ, ਸੈਕਟਰ-69,ਐਸ.ਏ.ਐਸ.ਨਗਰ</td><td>25,000/-ਰੁਪਏ</td></tr>
<tr><td>8</td><td>ਕਮਿਊਨਿਟੀ ਸੈਂਟਰ, ਸੈਕਟਰ-70,ਐਸ.ਏ.ਐਸ.ਨਗਰ</td><td>25,000/-ਰੁਪਏ</td></tr>
<tr><td>9</td><td>ਕਮਿਊਨਿਟੀ ਸੈਂਟਰ, ਸੈਕਟਰ-71,ਐਸ.ਏ.ਐਸ.ਨਗਰ</td><td>25,000/-ਰੁਪਏ</td></tr>
<tr><td colspan="2">ਕੁਲ ਰਾਸ਼ੀ</td><td>2,25,000/-ਰੁਪਏ</td></tr>
</table>
ਇਸ ਲਈ ਨਗਰ ਨਿਗਮ ਅਤੇ ਪਬਲਿਕ ਦੇ ਹਿੱਤ ਵਿੱਚ ਉਕਤ ਅਨੁਸਾਰ ਕੁਲ 9 ਕਮਿਊਨਿਟੀ ਸੈਂਟਰਾਂ ਦੀ ਸਾਲ 2020-21 ਲਈ ਐਲ-5 ਡੀ ਦੀ ਸਲਾਨਾ ਲਾਇਸੰਸ ਫੀਸ 2,25,000/-ਰੁਪਏ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਐਸ.ਏ.ਐਸ.ਨਗਰ ਦੇ ਵਿਭਾਗ ਨੂੰ ਇਸ ਦਫਤਰ ਦੀ ਲੇਖਾ ਸ਼ਾਖਾ ਰਾਹੀਂ ਅਦਾਇਗੀ ਕਰਨ ਲਈ ਕੇਸ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ।
</td>
<td></td>
</tr>
<tr>
<td>14</td>
<td>1973</td>
<td>23.03.20</td>
<td>
ਇੰਜੀਨੀਅਰਿੰਗ ਸ਼ਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਤਕਨੀਕੀ ਪ੍ਰਵਾਨਗੀ ਤੋਂ ਬਾਅਦ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹਨ:-
<table>
<tr><td>ਲੜੀ ਨੰ.</td><td>ਤਖਮੀਨੇ ਦਾ ਨਾਮ</td><td>ਅਨੁਮਾਨਤ ਲਾਗਤ (ਲੱਖਾ ਵਿੱਚ)</td></tr>
<tr><td>1</td><td>ਰਫ ਕਾਸਟ ਐਸਟੀਮੈਟ ਫਾਰ ਐਕਸਟੈਨਸ਼ਨ ਆਫ ਸ਼ੈਡ ਐਟ ਗਊਸ਼ਾਲਾ ਇੰਡ.ਏਰੀਆ, ਫੇਜ਼-1</td><td>14.98 ਲੱਖ</td></tr>
<tr><td>2</td><td>ਰਫ ਕਾਸਟ ਐਸਟੀਮੈਟ ਫਾਰ ਅਪਗਰੇਡੇਸ਼ਨ ਐਂਡ ਅਦਰ ਸਿਵਲ ਵਰਕਸ ਐਟ ਗਊਸ਼ਾਲਾ, ਇੰਡ.ਏਰੀਆ, ਫੇਜ਼-1</td><td>14.97 ”</td></tr>
<tr><td>3</td><td>ਰਫ ਕਾਸਟ ਐਸਟੀਮੇਟ ਫਾਰ ਓ.ਐਂਡ ਐਮ. ਆਫ ਸੀਵਰ ਜੈਟਿੰਗ ਮਸ਼ੀਨ ਫਾਰ ਮੇਨਟੀਨੈਂਸ ਆਫ ਸੀਵਰ/ ਸਟੌਰਮ ਸਿਸਟਮ ਐਟ ਇੰਡ:ਏਰੀਆ ਫੇਜ-6 ਟੂ 9, ਵਿਲੇਜ ਮੋਹਾਲੀ, ਕੁੰਭੜਾ ਫਾਰ ਵਨ ਈਅਰ।</td><td>13.41 ”</td></tr>
</table>
</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

| | | | | |
|---|---|---|---|---|
| | | | 4 — ਰਫ ਕਾਸਟ ਐਸਟੀਮੇਟ ਫਾਰ ਕਲੀਨਿੰਗ ਆਫ ਰੋਡ ਗਲੀਜ ਆਫ ਸਟੌਰਮ ਸਿਸਟਮ ਇੰਡ:ਏਰੀਆ ਫੇਜ-6, 7, 8, 9, 9ਐਕਸਟੈਂਸ਼ਨ, ਵਿਲੇਜ ਮੋਹਾਲੀ ਐਂਡ ਕੁੰਭੜਾ ਆਫ ਐਮ.ਸੀ., ਐਸ.ਏ.ਐਸ.ਨਗਰ। — 13.84 ”<br>5 — ਰਫ ਕਾਸਟ ਐਸਟੀਮੇਟ ਫਾਰ ਪ੍ਰੋਵਾਈਡਿੰਗ ਸਰਵਿਸਜ ਆਫ ਸੀਵਰਮੈਨ ਫਾਰ ਮੇਨਟੀਨੈਂਸ ਆਫ ਸੀਵਰ/ ਸਟੌਰਮ ਸਿਸਟਮ ਐਟ ਇੰਡ:ਏਰੀਆ ਫੇਜ-6 ਟੂ 9, ਵਿਲੇਜ ਮੋਹਾਲੀ, ਕੁੰਭੜਾ ਫਾਰ ਵਨ ਈਅਰ। — 12.50 ”<br>6 — ਕੰਨਸ.ਆਫ ਯੋਗਾ ਸ਼ੈਡ ਇੰਨ ਕਾਰਗਿਲ ਪਾਰਕ ਸੈਕਟਰ-71, ਐਸ.ਏ.ਐਸ ਨਗਰ — 7.60 ” | |
| 15 | 1974 | 23.03.20 | ਹੇਠ ਲਿਖੀਆਂ ਆਈਟਮਾਂ ਮੇਅਰ ਸਾਹਿਬ ਦੀ ਆਗਿਆ ਨਾਲ ਪੇਸ਼ ਕੀਤੀਆਂ ਗਈਆਂ:-<br>**ਕੋਰੋਨਾ ਵਾਈਰਸ ਦੇ ਫਲਾਅ ਦੀ ਰੋਕਥਾਮ ਲਈ ਲੋੜੀਂਦੇ ਕੈਮੀਕਲ,ਦਵਾਈਆ,ਗਲਵਜ਼,ਮਾਸਕ, ਸੈਨੀਟਾਈਜ਼ਰ ,ਪ੍ਰਸ਼ਨਲ ਪ੍ਰੋਟੈਕਸ਼ਨ ਕਿੱਟਾਂ ਅਤੇ ਹੋਰ ਆਈਟਮਾਂ ਦੀ ਖਰੀਦ ਕਰਨ ਸਬੰਧੀ।**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਕੋਰੋਨਾ ਵਾਈਰਸ ਦੁਨੀਆ ਦੇ ਹੋਰ ਦੇਸ਼ਾਂ ਤੋਂ ਇਲਾਵਾ ਭਾਰਤ ਵਿੱਚ ਵੀ ਪਹੁੰਚ ਚੁੱਕਾ ਅਤੇ ਇਸ ਦੇ ਫਲਾਅ ਨੂੰ ਰੋਕਣ ਲਈ ਹਰ ਤਰ੍ਹਾਂ ਦੇ ਕਦਮ ਚੁੱਕੇ ਜਾ ਰਹੇ ਹਨ। ਇਹਨਾਂ ਕਦਮਾਂ ਨੂੰ ਅਮਲੀ ਜਾਮਾ ਪਹੁਚਾਉਣ ਲਈ ਕਾਫੀ ਤਰ੍ਹਾਂ ਦੇ ਸਾਧਨਾ ਜਿਵੇਂ ਕਿ ਕੈਮੀਕਲ, (**ਡਿਸ**ਇਨਫੈਕਟ) ਦਵਾਈਆਂ ਗਲਵਜ਼, ਮਾਸਕਾਂ, ਸੈਨੀਟਾਈਜ਼ਰ, ਪ੍ਰਸ਼ਨਲ ਪ੍ਰੋਟੈਕਸ਼ਨ ਕਿੱਟਾਂ ਅਤੇ ਹੋਰ ਆਈਟਮਾਂ ਦੀ ਜ਼ਰੂਰਤ ਹੈ। ਉਕਤ ਆਈਟਮਾਂ ਦੀ ਕਾਫੀ ਵੱਡੀ ਮਾਤਰਾ ਵਿੱਚ ਜ਼ਰੂਰਤ ਹੋਵੇਗੀ। ਜਿਸ ਤੇ ਮੌਜੂਦਾ ਹਾਲਾਤਾ ਮੁਤਾਬਿਕ 15 ਲੱਖ ਦੇ ਕਰੀਬ ਖਰਚਾ ਆਉਣ ਦੀ ਸੰਭਾਵਨਾ ਹੈ। ਇਸ ਲਈ ਉਕਤ ਆਈਟਮਾਂ ਅਪਾਤਕਾਲੀਨ ਸੇਵਾਵਾਂ ਲਈ ਲੋੜੀਦੀਆਂ ਹਨ। ਇਸ ਲਈ ਇਹਨਾਂ ਆਈਟਮਾਂ ਦੀ ਖਰੀਦ ਕਰਨ ਲਈ ਟੈਂਡਰ ਪ੍ਰਕਿਰੀਆ ਤੋਂ ਛੋਟ ਦਿੰਦੇ ਹੋਏ ਮਾਰਕੀਟ ਵਿਚੋਂ ਤਿੰਨ ਕੰਮਪੈਰੇਟਿਵ ਰੇਟ ਲੈ ਕੇ ਜੋ ਰੇਟ ਘੱਟ ਹੋਵੇਗਾ ਉਸ ਰੇਟ ਤੇ ਖਰੀਦ ਕੀਤੀ ਜਾਵੇਗਾ। ਸੋ ਉਕਤ ਕੰਮ ਲਈ 15.00 ਲੱਖ ਰੁਪਏ ਦੀ ਪ੍ਰਵਾਨਗੀ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 44 (h) ਅਧੀਨ ਦੇਣ ਲਈ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਰਿਪੋਰਟ ਪ੍ਰਵਾਨ ਹੈ।ਇਸ ਤੋਂ ਇਲਾਵਾ ਸਰਬ ਸੰਮਤੀ ਨਾਲ ਇਹ ਵੀ ਫੈਸਲਾ ਕੀਤਾ ਗਿਆ ਕਿ ਮੋਹਾਲੀ ਸ਼ਹਿਰ ਵਿੱਚ ਡਿਸਇਨਫੈਕਟ ਦਵਾਈ ਦਾ ਚੰਗੀ ਤਰ੍ਹਾਂ ਸਪਰੇਅ ਕੀਤਾ ਜਾਵੇ। ਇਸ ਤੋਂ ਇਲਾਵਾ ਇਸਦੇ ਨਾਲ ਲੱਗਦੇ ਪਿੰਡਾਂ ਅਤੇ ਕਲੋਨੀਆਂ ਵਿੱਚ ਵੀ ਸਪਰੇਅ ਕੀਤਾ ਜਾਵੇ। |
| 16 | 1975 | 23.03.20 | **ਬੇਘਰੇ ਅਤੇ ਗਰੀਬ ਲੋਕਾਂ ਲਈ ਰਾਸ਼ਨ/ਖਾਣੇ ਅਤੇ ਜਾਨਵਰਾਂ ਲਈ ਚਾਰਾ, ਤੂੜੀ ਅਤੇ ਖਾਣ ਦਾ ਹੋਰ ਸਮਾਨ ਦਾ ਇੰਤਜ਼ਾਮ ਕਰਨ ਸਬੰਧੀ।**<br><br>ਰਿਪੋਰਟ ਸੁਪਰਡੈਂਟ (ਕੇਅਰ ਟੇਕਰ) ਕਿ ਪੰਜਾਬ ਸਰਕਾਰ ਵੱਲੋਂ ਕਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਮਿਤੀ 31/3/2020 ਤੱਕ ਲੌਕਡਾਊਨ ਦੇ ਹੁਕਮ ਜਾਰੀ ਕੀਤੇ ਗਏ ਹਨ। ਜਿਸ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਕਾਰਨ ਸ਼ਹਿਰ ਵਿੱਚ ਬੇਰੁਜ਼ਗਾਰ/ਗਰੀਬ ਅਤੇ ਬੇਘਰੇ ਲੋਕਾਂ ਲਈ ਰਾਸ਼ਨ ਲੈਣਾ ਮੁਸ਼ਕਲ ਹੋ ਗਿਆ ਹੈ ਅਤੇ ਜਾਨਵਰਾਂ ਲਈ ਚਾਰਾ, ਤੂੜੀ ਅਤੇ ਖਾਣ ਦਾ ਹੋਰ ਸਮਾਨ ਉਪਲੱਭਧ ਨਹੀ ਹੋਵੇਗਾ।ਇਸ ਅਪਾਤਕਾਲ ਸਥਿਤੀ ਵਿੱਚ ਇਹਨਾਂ ਲੋਕਾਂ ਅਤੇ ਜਾਨਵਰਾਂ ਦੀ ਮਦਦ ਕਰਨ ਲਈ ਨਗਰ ਨਿਗਮ ਵੱਲੋਂ ਰਾਸ਼ਨ/ਖਾਣਾ,ਚਾਰਾ,ਤੂੜੀ ਅਤੇ ਹੋਰ ਸਮਾਨ ਦਾ ਇੰਤਜ਼ਾਮ ਕਰਨ ਲਈ ਉਪਰਾਲੇ ਕਰਨੇ ਜ਼ਰੂਰੀ ਹਨ ਤਾਂ ਜੋ ਇਸ ਸਥਿਤੀ ਵਿੱਚ ਗਰੀਬ ਅਤੇ ਬੇਘਰੇ ਲੋਕ ਅਤੇ ਜਾਨਵਰ ਭੁੱਖਮਰੀ ਦਾ ਸ਼ਿਕਾਰ ਨਾ ਹੋ ਸਕਣ। ਸੋ ਇਸ ਕੰਮ ਲਈ ਘੱਟੋ-ਘੱਟ 15 ਲੱਖ ਰੁਪਏ ਦਾ ਖਰਚਾ ਹੋਣ ਦੀ ਸੰਭਾਵਨਾ ਹੈ। ਸੋ ਉਕਤ ਕੰਮ ਲਈ 15.00 ਲੱਖ ਰੁਪਏ ਦੀ ਪ੍ਰਵਾਨਗੀ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 45 (zc) ਅਤੇ The Disaster Management Act 2005 ਦੀ ਧਾਰਾ 41(d) ਦੇ ਤਹਿਤ ਦੇਣ ਲਈ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ। | |
| 17 | 1976 | 23.03.20 | **<u>ਫੌਗਿਗ ਲਈ ਵਰਤੀ ਜਾਣ ਵਾਲੀ ਦਵਾਈ ਦੀ ਖਰੀਦ ਕਰਨ ਸਬੰਧੀ।</u>**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਸ਼ਹਿਰ ਵਾਸੀਆ ਨੂੰ ਡੇਂਗੂ/ਮਲੇਰੀਆ, ਚਿਕਨਗੁਨੀਆਂ ਆਦਿ ਬਿਮਾਰੀਆ ਤੋਂ ਬਚਾਅ ਲਈ ਸ਼ਹਿਰ ਵਿੱਚ ਨਗਰ ਨਿਗਮ ਵੱਲੋਂ ਹਰ ਸਾਲ ਫੌਗਿੰਗ ਕਰਵਾਈ ਜਾਂਦੀ ਹੈ। ਇਸ ਸਮੇਂ ਸਟੋਰ ਵਿੱਚ ਲੱਗਭੱਗ 2250 ਕਿਲੋਗਰਾਮ ਦਵਾਈ ਮੌਜੂਦ ਹੈ। ਪਰੰਤੂ ਮੌਜੂਦਾ ਸਮੇਂ ਲਾਇਲਾਜ਼ ਬਿਮਾਰੀ ਕਰੋਨਾ ਵਾਈਰਸ ਨੇ ਮਹਾਮਾਰੀ ਦਾ ਰੂਪ ਲੈ ਲਿਆ ਹੈ। ਇਹਨਾਂ ਹਾਲਤਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਸ਼ਹਿਰ ਵਾਸੀਆਂ ਨੂੰ ਬਿਮਾਰੀ ਤੋਂ ਬਚਾਉਣ ਲਈ ਸਰਕਾਰ ਦੀਆ ਹਦਾਇਤਾਂ ਅਨੁਸਾਰ ਫੌਗਿਗ ਕਰਵਾਉਣੀ ਅਤਿ ਜ਼ਰੂਰੀ ਹੈ। ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਫੌਗਿਗ ਲਈ ਵਰਤੀ ਜਾਣ ਵਾਲੀ ਦਵਾਈ ਦੀ ਖਰੀਦ ਕੀਤੀ ਜਾਣੀ ਹੈ। ਇਹ ਦਵਾਈ 14.00 ਲੱਖ ਰੁਪਏ ਦੀ ਈ-ਟੈਂਡਰ ਕਾਲ ਕਰਕੇ ਖਰੀਦ ਕੀਤੀ ਜਾਣੀ ਹੈ। ਇਸ ਲਈ 14.00 ਲੱਖ ਰੁਪਏ ਦੇ ਖਰਚੇ ਅਤੇ ਈ- ਟੈਂਡਰ ਰਾਂਹੀ ਦਵਾਈ ਦੀ ਖਰੀਦ ਕਰਨ ਸਬੰਧੀ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। | ਦਵਾਈ ਦੀ ਖਰੀਦ ਕਰਨ ਲਈ 5.00 ਲੱਖ ਰੁਪਏ ਦੀ ਪ੍ਰਵਾਨਗੀ ਸਰਬ ਸੰਮਤੀ ਨਾਲ ਦਿੱਤੀ ਜਾਂਦੀ ਹੈ।ਤੁਰੰਤ ਸਾਰੇ ਸ਼ਹਿਰ ਦੀ ਫੌਗਿੰਗ ਕਰਵਾ ਦਿੱਤੀ ਜਾਵੇ। |

ਸਹੀ/-
ਮੇਅਰ,
ਨਗਰ ਨਿਗਮ,
ਐਸ.ਏ.ਐਸ.ਨਗਰ

ਪਿੱਠ ਅੰਕਣ ਨੰ............................... ਮਿਤੀ......................

ਉਪਰੋਕਤ ਦਾ ਉਤਾਰਾ :

1) ਮਾਨਯੋਗ ਮੇਅਰ/ਕਮਿਸ਼ਨਰ/ਸੀਨੀਅਰ ਡਿਪਟੀ ਮੇਅਰ/ਡਿਪਟੀ ਮੇਅਰ/ਸ੍ਰੀ ਅਮਰੀਕ ਸਿੰਘ ਸੋਮਲ,ਮੈਂਬਰ/ਸ੍ਰੀ ਫੂਲਰਾਜ ਸਿੰਘ,ਮੈਂਬਰ (ਵਿੱਤ ਤੇ ਠੇਕਾ ਕਮੇਟੀ) ਨਗਰ ਨਿਗਮ ਐਸ.ਏ.ਐਸ.ਨਗਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

2) ਸਯੁੰਕਤ ਕਮਿਸ਼ਨਰ/ ਨਿਗਰਾਨ ਇੰਜੀਨੀਅਰ/ ਸਮੂਹ ਨਿਗਮ ਇੰਜੀਨੀਅਰ/ ਐਮ.ਟੀ.ਪੀ./ ਡੀ.ਸੀ.ਐਫ.ਏ/ ਏ.ਡੀ.ਐਫ.ਓ./ ਸਮੂਹ ਸੁਪਰਡੈਂਟ/ ਇੰਚਾਰਜ਼ ਸੈਨੀਟੇਸ਼ਨ ਸ਼ਾਖਾ/ ਕੇਅਰ-ਟੇਕਰ/ ਕੰਪਿਊਟਰ ਪ੍ਰੋਗਰਾਮਰ/ ਏ.ਸੀ.ਐਲ.ਏ.ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ,
ਨਗਰ ਨਿਗਮ,
ਐਸ.ਏ.ਐਸ.ਨਗਰ।